Posting Date
01 ਦਸੰਬਰ 2014

# ਅੰਮ੍ਰਿਤ ਕੀਰਤਨ



## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ। - ਸੰਪਾਦਕ : 09814053630

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਬਾਰਹਮਾਹ – ਚੇਤਰ

ਚੇਤਰ ਚਿੱਤ ਦੀਆਂ ਚਿੱਤ ਵਿਚ ਰਹੀਆਂ
ਕਿਉਂ ਜਾਨੀ ਘਰ ਆਇਆ ਨਾ
        ਪ੍ਰੇਮ ਲਗਾ ਕੇ ਇੱਕੋ ਵੇਰੀ,
        ਮੁੜ ਕੇ ਮੁੱਖ ਦਿਖਾਇਆ ਨਾ।
ਜਿੰਦ ਦਾ ਮਾਲਕ ਮੇਰਾ ਮਾਹੀ,
ਕਿਸੇ ਦਾ ਹੋਰ ਪਰਾਇਆ ਨਾ
        ਉਹਲੇ ਹੋ ਕੇ ਅੱਖੀਆਂ ਕੋਲੋਂ,
        ਮੁੜ ਕੇ ਯਾਦ ਕਰਾਇਆ ਨਾ।

ਜਾਨ ਤੇਰੇ ਤੋਂ ਵਾਰਨੇ, ਕਰਸਾਂ,
ਅਜੇ ਭੀ ਤੈਂ ਅਜ਼ਮਾਇਆ ਨਾ

        ਬੈਠੀ ਰੋਵਾਂ ਚੁੱਪ ਚੁਪੀਤੀ,
        ਇਕ ਪਲ ਚੈਨ ਵੀ ਪਾਇਆ ਨਾ।
ਵਿਚ ਸਿਦਕ ਦੇ ਬਿਹਬਲ ਹੋਈਆਂ,
ਮਨ ਤੋਂ ਕਦੇ ਭੁਲਾਇਆ ਨਾ
        ਸੰਤੋਖ ਸਿੰਘਾ ਮੈਂ ਦਰਸ ਪਿਆਸੀ,
        ਜੀਵਨ ਜਾਮ ਪਿਲਾਇਆ ਨਾ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੋਰ, ਸੈਕਟਰ 70,ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਕਰਉ ਬੇਨੰਤੀਆ-ਕਿਆ ਨਾਹੀ ਘਰਿ ਤੇਰੈ 4

ਗੁਰਮਤਿ ਸੰਗੀਤ ਵਿਚ ਰਾਗ ਜੈਤਸਰੀ ਤੇ ਟੋਡੀ
ਡਾ. ਗੁਰਨਾਮ ਸਿੰਘ 7

ਗੁਰੂ ਨਾਨਕ ਦੇਵ ਤੇ ਸੰਗੀਤ : ਇਤਿਹਾਸਕ ਪਰਿਪੇਖ
ਡਾ. ਜਾਗੀਰ ਸਿੰਘ 10

ਪੰਜਾਬੀ ਯੂਨੀਵਰਸਿਟੀ ਗੁਰਮਤਿ ਸੰਗੀਤ ਦੇ ਅਦੁੱਤੀ ਰੰਗ ਵਿਚ
ਜਤਿੰਦਰ ਸਿੰਘ ਮੱਟੂ 12

ਸੰਗੀਤ ਪ੍ਰਕਾਸ਼ਨਾਵਾਂ ਦਾ ਇਤਿਹਾਸ ਤੇ ਵਿਕਾਸ
ਡਾ. ਰਿਸ਼ਪਾਲ ਸਿੰਘ 15

ਆਦਿ ਕਥਨ - ਪ੍ਰੋ: ਤਾਰਾ ਸਿੰਘ 21

ਸੁਰ ਲਿਪੀ - ਗੌਂਡ ਮਹਲਾ ੪
ਹਰਿਭਜਨ ਸਿੰਘ 25

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ਕਿਆ ਨਾਹੀ ਘਰਿ ਤੇਰੈ

ਮੇਰੇ ਬੇਟੇ ਹਰਗੁਨਗੀਤ ਸਿੰਘ ਦੇ ਨਾਮਕਰਨ ਸਮਾਗਮ ਉੱਪਰ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਦਿੱਲੀ ਵਾਲਿਆਂ ਨੇ ਕੀਰਤਨ ਕੀਤਾ ਸੀ। ਇਸ ਕੀਰਤਨ ਵਿਚ ਉਹਨਾਂ ਨੇ ਆਨੰਦ ਸਾਹਿਬ ਦੀ ਇਸ ਤੀਜੀ ਪਉੜੀ ਨੂੰ ਸ਼ਬਦ ਗਾਇਨ ਵਜੋਂ ਗਾਇਨ ਕੀਤਾ। ਇਹ ਸ਼ਬਦ ਮੇਰੇ ਧੁਰ ਅੰਦਰ ਵਸ ਗਿਆ ਅਤੇ ਮੈਂ ਵੀ ਇਸ ਨੂੰ ਆਪਣੇ ਕੀਰਤਨ ਚਉਂਕੀ ਵਿਚ ਸ਼ਾਮਲ ਕਰ ਲਿਆ। ਇਸ ਸ਼ਬਦ ਦਾ ਗਾਇਨ ਸੰਗਤਾਂ ਵਿਚ ਬਹੁਤ ਮਕਬੂਲ ਹੋਇਆ। ਹੁਣ ਜਦੋਂ ਵੀ ਮੈਂ ਕੀਰਤਨ ਕਰਦਾ ਹਾਂ, ਤਾਂ ਸੰਗਤਾਂ ਵੱਲੋਂ ਇਸ ਸ਼ਬਦ ਦੇ ਗਾਇਨ ਦੀ ਫਰਮਾਇਸ਼ ਹੁੰਦੀ ਹੈ। ਸ਼ਬਦ ਇਸ ਪ੍ਰਕਾਰ ਹੈ:

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥**

O my True Lord and Master, what is there which is not in Your celestial home?

**ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥**

Everything is in Your home; they receive, unto whom You give.

**ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥**

Constantly singing Your Praises and Glories, Your Name is enshrined in the mind.

**ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥**

The divine melody of the Shabad vibrates for those, within whose minds the Naam abides.

**ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥**

Says Nanak, O my True Lord and Master, what is there which is not in Your home? ||3||

ਇਸ ਸ਼ਬਦ ਵਿਚ ਸ਼ੁਕਰਾਨੇ ਅਤੇ ਬੇਨਤੀ ਦੇ ਭਾਵ ਸ਼ਾਮਿਲ ਹਨ। ਮੇਰੇ ਵਿਚਾਰ ਅਨੁਸਾਰ ਕੀਰਤਨ ਦਾ ਮੁੱਖ ਮਨੋਰਥ ਸਰੋਤੇ ਨੂੰ ਆਪਣੀ ਭਾਵਨਾਤਮਕ ਸਥਿਤੀ ਅਨੁਸਾਰ ਪਰਮਾਤਮਾ ਨਾਲ ਜੋੜਨਾ ਹੈ। ਇਸ ਲਈ ਕੁਝ ਸਰੋਤੇ ਮਨ ਹੀ ਮਨ ਬੇਨਤੀ ਕਰਦੇ ਹਨ ਅਤੇ ਕੁਝ ਸ਼ੁਕਰਾਨਾ ਕਰਦੇ ਹਨ। ਇਹਨਾਂ ਸਥਿਤੀਆਂ ਨੂੰ ਧਿਆਨ 'ਚ ਰੱਖਦਿਆਂ ਮੈਂ ਆਪਣੇ ਕੀਰਤਨ ਵਿਚ ਇਸ ਸ਼ਬਦ ਦੇ ਨਾਲ ਕੁਝ ਪ੍ਰਮਾਣ ਸ਼ਮਾਲ ਕੀਤੇ ਹਨ। ਜਿਵੇਂ :

**ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥**

When you are confronted with terrible hardships, and no one offers you any support,

**ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥**

when your friends turn into enemies, and even your relatives have deserted you,

**ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥**

and when all support has given way, and all hope has been lost

**ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥੧॥**

-if you then come to remember the Supreme Lord God, even the hot wind shall not touch you. ||1||

ਇਸ ਸ਼ਬਦ ਦਾ ਹਰ ਬੰਦ ਸਰੋਤੇ ਦੀ ਵੱਖਰੀ ਵੱਖਰੀ ਮਾਨਸਿਕ ਸਥਿਤੀ ਨੂੰ ਪ੍ਰਗਟ ਕਰਦਾ ਹੈ। ਮੈਂ ਇਹਨਾਂ ਬੰਦਾਂ ਦਾ ਪ੍ਰਮਾਣ ਵਜੋਂ ਆਲਾਪਿਕ ਗਾਇਨ ਕਰਨ ਤੋਂ ਬਾਅਦ ਫਿਰ ਮੂਲ ਸ਼ਬਦ – ਕਿਆ ਨਾਹੀ ਘਰਿ ਤੇਰੈ – ਦੀਆਂ ਤੁਕਾਂ ਨੂੰ ਦੁਹਰਾਉਂਦਾ ਹਾਂ। ਤਾਂ ਸਰੋਤਿਆਂ ਦਾ ਮਨ ਆਪਣੇ ਆਪ ਹੀ ਜੁੜ ਜਾਂਦਾ ਹੈ ਅਤੇ ਵਜਦ ਵਿਚ ਹੱਥ ਜੁੜਦੇ ਹਨ। ਮਨ ਦ੍ਰਵਦਾ ਹੈ ਅਤੇ ਅੱਖਾਂ ਗਿੱਲੀਆਂ ਹੋ ਜਾਂਦੀਆਂ ਹਨ।

**ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥**

If you are weakened by the pains of hunger and poverty,

**ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥**

with no money in your pockets, and no one will give you any comfort,

**ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥**

and no one will satisfy your hopes and desires, and none of your works is accomplished

**ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥੨॥**

-if you then come to remember the Supreme Lord God, you shall obtain the eternal kingdom. ||2||

ਕਿਆ ਨਾਹੀ ਘਰਿ ਤੇਰੈ

ਕਿਆ ਨਾਹੀ ਘਰਿ ਤੇਰੈ...

**ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥**

When you are plagued by great and excessive anxiety, and diseases of the body;

**ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥**

when you are wrapped up in the attachments of household and family, sometimes feeling joy, and then other times sorrow;

**ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ ॥**

when you are wandering around in all four directions, and you cannot sit or sleep even for a moment

**ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ ॥੩॥**

-if you come to remember the Supreme Lord God, then your body and mind shall be cooled and soothed. ||3||

ਕਿਆ ਨਾਹੀ ਘਰਿ ਤੇਰੈ

ਕਿਆ ਨਾਹੀ ਘਰਿ ਤੇਰੈ...

ਇਸ ਉਪਰੰਤ ਮੈਂ ਦੋ ਹੋਰ ਸ਼ਬਦਾਂ ਦੀਆਂ ਤੁਕਾਂ ਨੂੰ ਵੀ ਇਸ ਗਾਇਨ ਵਿਚ ਸ਼ਾਮਲ ਕੀਤਾ ਹੋਇਆ ਹੈ–

**ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥**

When You are on my side, Lord, what do I need to worry about?

**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥**

You entrusted everything to me, when I became Your slave.

**ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ॥**

My wealth is inexhaustible, no matter how much I spend and consume.

**ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥**

The 8.4 million species of beings all work to serve me.

ਕਿਆ ਨਾਹੀ ਘਰਿ ਤੇਰੈ

ਕਿਆ ਨਾਹੀ ਘਰਿ ਤੇਰੈ...

ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥

He has extended His power in all four directions, and placed His hand upon my head.

ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥੧॥

Gazing upon me with his Eye of Mercy, He has dispelled the pains of His slave. ||1||

ਹਰਿ ਜਨ ਰਾਖੇ ਗੁਰ ਗੋਵਿੰਦ ॥

The Guru, the Lord of the Universe, has saved the Lord's humble servant.

ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥

Hugging me close in His embrace, the merciful, forgiving Lord has erased all my sins. ||Pause||

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥

Whatever I ask for from my Lord and Master, he gives that to me.

ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥੧੪॥੪੫॥

Whatever the Lord's slave Nanak utters with his mouth, proves to be true, here and hereafter. ||2||14||45||

ਕਿਆ ਨਾਹੀ ਘਰਿ ਤੇਰੈ

ਕਿਆ ਨਾਹੀ ਘਰਿ ਤੇਰੈ...

ਉਂਝ ਹਰ ਕੀਰਤਨੀਏ ਦੀ ਆਪੋ ਆਪਣੀ ਕੀਰਤਨ ਵਿਧੀ ਹੈ। ਮੈਂ ਉਪਰੋਕਤ ਵਿਧੀ ਅਪਣਾਈ ਹੋਈ ਹੈ। ਭੁੱਲ ਚੁੱਕ ਖਿਮਾਂ।



# ਗੁਰਮਤਿ ਸੰਗੀਤ ਵਿਚ ਰਾਗ ਜੈਤਸਰੀ ਤੇ ਟੋਡੀ

ਡਾ. ਗੁਰਨਾਮ ਸਿੰਘ

ਗੁਰਮਤਿ ਸੰਗੀਤ ਪਰੰਪਰਾ ਦੇ ਅੰਤਰਗਤ ਰਾਗ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਰਾਗ ਦੀਆਂ ਸੁੰਦਰ ਸੁਰਾਵਲੀਆਂ 'ਤੇ ਸਵਾਰ ਹੋ ਕੇ ਬਾਣੀ ਸਰਬ ਲੋਕਾਈ ਤੱਕ ਸੰਚਰਿਤ ਹੋ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਅਧੀਨ ਰਾਗ ਜੈਤਸਰੀ ਗਿਆਰਵੇਂ ਅਤੇ ਰਾਗ ਟੋਡੀ ਬਾਹਰਵੇਂ ਸਥਾਨ ਉਤੇ ਦਰਜ ਹਨ।

ਜੈਤਸਰੀ ਰਾਗ ਨੂੰ ਗੁਰੂ ਗਿਰਾਰਥ ਕੋਸ਼ ਵਿਚ ਦੇਸੀ, ਟੋਡੀ ਅਤੇ ਬਿਭਾਸ ਦੇ ਸੁਮੇਲ ਤੋਂ ਉਤਪੰਨ ਮੰਨਿਆ ਗਿਆ ਹੈ। ਸਮਕਾਲੀ ਭਾਰਤੀ ਰਾਗ ਪਰੰਪਰਾ ਵਿਚ ਇਸ ਰਾਗ ਦਾ ਉਲੇਖ ਰਾਗ ਕੋਸ਼ ਅਤੇ ਰਾਗ ਵਿਆਕਰਣ ਵਿਚ ਉਪਲਬਧ ਹੈ। ਸੰਗੀਤ ਗ੍ਰੰਥਾਂ ਵਿਚ ਇਸ ਨੂੰ ਕਈ ਨਾਵਾਂ ਨਾਲ ਲਿਖਿਆ ਗਿਆ ਹੈ ਜਿਵੇਂ ਜੈਤਸ੍ਰੀ, ਜੇਤਾਸ੍ਰੀ, ਜਯਸ੍ਰੀ, ਜਯੰਤ ਸ੍ਰੀ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ ਜੈਤਸਰੀ ਸ਼ਬਦ ਜੋੜ ਨਾਲ ਹੀ ਅੰਕਿਤ ਕੀਤਾ ਗਿਆ ਹੈ। ਭਾਰਤੀ ਸੰਗੀਤ ਵਿਚ ਰਾਗ-ਰਾਗਣੀ ਪੱਧਤੀ ਨਾਲ ਸਬੰਧਤ ਕਈ ਗ੍ਰੰਥਕਾਰਾਂ ਨੇ ਇਸ ਨੂੰ ਕਿਸੇ ਨਾ ਕਿਸੇ ਰਾਗ ਦੀ ਰਾਗਣੀ ਮੰਨਿਆ ਹੈ। ਮੁਹੰਮਦ ਰਜ਼ਾ ਨੇ ਆਪਣੇ ਗ੍ਰੰਥ ਨਗਮਾਤੇ ਆਸਫੀ ਵਿਚ ਜੈਤਸਰੀ ਨੂੰ ਸ੍ਰੀ ਰਾਗ ਦੀ ਰਾਗਣੀ, ਪੰਨਾ ਲਾਲ ਗੋਸੁਆਮੀ ਨੇ ਆਪਣੇ ਗ੍ਰੰਥ ਨਾਦ ਬਿਨੋਦ ਵਿਚ ਇਸ ਨੂੰ ਦੀਪਕ ਰਾਗ ਦੀ ਰਾਗਣੀ, ਬੁੱਧ ਪ੍ਰਕਾਸ਼ ਗ੍ਰੰਥ ਦੇ ਲੇਖਕ ਨੇ ਇਸ ਨੂੰ ਮਾਲਕੌਂਸ ਦੀ ਨੂੰਹ ਅਤੇ ਰਾਧਾ ਗੋਬਿੰਦ ਸੰਗੀਤਸਾਰ ਦੇ ਰਚਨਹਾਰ ਨੇ ਇਸ ਰਾਗ ਨੂੰ ਦੇਸ਼ਕਾਰ ਰਾਗ ਦੀ ਰਾਗਣੀ ਮੰਨਿਆ ਹੈ। ਗੁਰੂ ਸਾਹਿਬਾਨ ਨੇ ਰਾਗ-ਰਾਗਣੀ ਲੇਖਣ ਦੀ ਬਜਾਏ ਸਾਰੇ ਰਾਗਾਂ ਨੂੰ 'ਰਾਗ' ਵਜੋਂ ਅੰਕਿਤ ਕੀਤਾ ਹੈ।

ਜੈਤਸਰੀ ਰਾਗ ਦੇ ਅੰਤਰਗਤ ਗੁਰੂ ਰਾਮਦਾਸ ਜੀ ਦੇ ਗਿਆਰਾਂ ਪਦੇ ; ਗੁਰੂ ਅਰਜਨ ਦੇਵ ਜੀ ਦੇ ਚੌਦਾਂ ਪਦੇ, ਤਿੰਨ ਛੰਤ ਤੇ ਇਕ ਵਾਰ; ਗੁਰੂ ਤੇਗ ਬਹਾਦਰ ਜੀ ਦੇ ਤਿੰਨ ਪਦੇ ਬਾਣੀ ਰਚਨਾਵਾਂ ਅੰਕਿਤ ਹਨ। ਇਸ ਤੋਂ ਇਲਾਵਾ ਭਗਤ ਰਵਿਦਾਸ ਜੀ ਦਾ ਇਕ ਪਦ ਬਾਣੀ ਰਚਨਾ ਵੀ ਇਸ ਰਾਗ ਵਿਚ ਦਰਜ ਹੈ।

ਜੈਤਸਰੀ ਰਾਗ ਦੇ ਸਰੂਪ ਬਾਰੇ ਵੀ ਵਿਦਵਾਨਾਂ ਵਿਚ ਵਖਰੇਵਾਂ ਪਾਇਆ ਜਾਂਦਾ ਹੈ। ਕੁਝ ਵਿਦਵਾਨ ਇਸ ਰਾਗ ਨੂੰ ਮਾਰਵਾ ਥਾਟ ਦੇ ਅੰਤਰਗਤ ਅਤੇ ਕੁਝ ਪੂਰਵੀ ਥਾਟ ਦਾ ਜੈਤਸਰੀ ਮੰਨਦੇ ਹਨ। 'ਰਾਗ ਵਿਸ਼ਾਰਦ' ਅਨੁਸਾਰ ਭਾਰਤੀ ਸੰਗੀਤ ਦੇ ਵਿਦਵਾਨ ਹਿਰਦੈ

ਪ੍ਰਕਾਸ਼ ਦੁਆਰਾ ਰਚਿਤ ਗ੍ਰੰਥ 'ਹਿਰਦੇ ਕੌਤਿਕ' ਵਿਚ ਜੇਤਾਸ੍ਰੀ ਰਾਗ ਭੈਰਵ ਥਾਟ ਅਧੀਨ ਦਸਿਆ ਗਿਆ ਹੈ। ਕੁਝ ਵਿਦਵਾਨ ਪੂਰਵੀ ਥਾਟ ਦੇ ਅੰਤਰਗਤ ਹੀ ਧੈਵਤ ਰਹਿਤ ਜੈਤਸਰੀ ਨੂੰ ਮੰਨਦੇ ਹਨ। ਆਧੁਨਿਕ ਸਮੇਂ ਵਿਚ ਜੈਤਸਰੀ ਦੇ ਅਨੁਸਾਰ ਇਸ ਵਿਚ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸਾਰੇ ਸ਼ੁੱਧ ਸੁਰ ਵਰਤੇ ਜਾਂਦੇ ਹਨ। ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਕਰਨ ਦੀ ਪ੍ਰਥਾ ਹੈ। ਇਸ ਰਾਗ ਵਿਚ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਨਿਸ਼ਾਦ ਨੂੰ ਮੰਨਿਆ ਗਿਆ ਹੈ। ਕੁਝ ਵਿਦਵਾਨ ਇਸ ਦਾ ਵਾਦੀ ਪੰਚਮ ਅਤੇ ਸੰਵਾਦੀ ਸ਼ੜਜ ਵੀ ਮੰਨਦੇ ਹਨ। ਇਸ ਦੀ ਜਾਤੀ ਔੜਵ-ਸੰਪੂਰਨ ਮੰਨੀ ਗਈ ਹੈ। ਇਸ ਦਾ ਗਾਇਨ ਸਮਾਂ ਸ਼ਾਮ ਦਾ ਹੈ। ਇਸ ਦਾ ਆਰੋਹ : ਸ਼ੜਜ ਗੰਧਾਰ, ਮਧਿਅਮ (ਤੀਵਰ) ਪੰਚਮ, ਨਿਸ਼ਾਦ ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ

ਧੈਵਤ (ਕੋਮਲ) ਪੰਚਮ, ਮਧਿਅਮ (ਤੀਵਰ) ਗੰਧਾਰ, ਰਿਸ਼ਭ (ਕੋਮਲ) ਸ਼ੜਜ ਅਤੇ ਮੁੱਖ ਅੰਗ : ਸ਼ੜਜ, ਗੰਧਾਰ, ਪੰਚਮ, ਮਧਿਅਮ (ਤੀਵਰ) ਧੈਵਤ (ਕੋਮਲ) ਪੰਚਮ, ਮਧਿਅਮ (ਤੀਵਰ) ਗੰਧਾਰ, ਮਧਿਅਮ (ਤੀਵਰ) ਗੰਧਾਰ, ਰਿਸ਼ਭ (ਕੋਮਲ) ਸ਼ੜਜ ਹੈ।

ਸ਼ਬਦ ਕੀਰਤਨ ਚੌਕੀ ਪਰੰਪਰਾ ਅਧੀਨ ਇਸੇ ਰਾਗ ਨੂੰ 'ਚਰਨ ਕਮਲ ਦੀ ਤੀਜੀ ਚੌਕੀ' ਉਪਰਾਂਤ ਚੌਥੇ ਪਹਿਰ ਵਿਚ 'ਸੋਦਰੁ ਦੀ ਪਹਿਲੀ ਚੌਕੀ' ਅਤੇ 'ਸੋਦਰੁ ਦੀ ਦੂਸਰੀ ਚੌਕੀ' ਵਿਚ ਗਾਇਨ ਕੀਤਾ ਜਾਂਦਾ ਹੈ। ਉਪਰੰਤ ਆਸਾ 'ਤੇ ਅਧਾਰਿਤ ਸ਼ਬਦ ਦਾ ਗਾਇਨ ਕਰਕੇ ਜਾਂ ਫਿਰ ਸਿੱਧੇ ਹੀ ਰਾਗ ਆਸਾ ਵਿਚ ਮਹਲਾ 4 ਛੰਤ ਹਰਿ ਜੁਗੁ ਜੁਗੁ ਭਗਤ ਉਪਾਇਆ, ਸਲੋਕ ਦੁਖੁ ਦਾਰੂ ਸੁਖੁ ਰੋਗੁ ਭਇਆ ਅਤੇ ਸੋਦਰੁ ਦੀ ਪਉੜੀ ਦਾ ਗਾਇਨ ਪਉੜੀ ਤਾਲ ਵਿਚ ਕੀਤਾ ਜਾਂਦਾ ਹੈ।

ਟੋਡੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਵਿਚ ਜੈਤਸਰੀ ਰਾਗ ਤੋਂ ਬਾਅਦ ਬਾਹਰਵੇਂ ਸਥਾਨ ਉਤੇ ਪੰਨਾ 711 'ਤੇ ਦਰਜ ਹੈ। ਭਾਰਤੀ ਸੰਗੀਤ ਵਿਚ ਪ੍ਰਚਲਿਤ ਰਾਗ ਤੋੜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਟੋਡੀ ਦੇ ਨਾਮ ਨਾਲ ਅੰਕਿਤ ਕੀਤਾ ਗਿਆ ਹੈ। ਸੰਗੀਤ ਜਗਤ ਵਿਚ ਇਹ ਰਾਗ ਪ੍ਰਸਿੱਧ ਤੇ ਲੋਕਪ੍ਰਿਅ ਹੈ ਜੋ ਕਿ ਗੰਭੀਰ ਪ੍ਰਕ੍ਰਿਤੀ ਦੇ ਭਗਤੀ ਭਾਵ ਦੀਆਂ ਰਚਨਾਵਾਂ ਲਈ ਉਪਯੁਕਤ ਹੈ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚੋਂ 'ਸੰਗੀਤ ਰਤਨਾਕਰ' ਅਤੇ 'ਸਵਰ ਮੇਲ ਕਲਾਨਿਧੀ' ਵਿਚ ਇਸ ਰਾਗ ਦਾ ਉਲੇਖ ਪ੍ਰਾਪਤ ਹੁੰਦਾ ਹੈ। ਸੰਗੀਤ ਰਤਨਾਕਰ ਵਿਚ ਇਸ ਨੂੰ ਰਾਗਾਂਗ ਰਾਗ ਕਿਹਾ ਗਿਆ ਹੈ। 'ਸਵਰਮੇਲ ਕਲਾਨਿਧੀ' ਵਿਚ ਇਸ ਰਾਗ ਨੂੰ ਅਧਮ ਵਰਗ ਦੇ ਰਾਗਾਂ ਵਿਚ ਰਖਿਆ ਗਿਆ ਹੈ।

ਭਾਰਤੀ ਸੰਗੀਤ ਦੇ ਪ੍ਰਾਚੀਨ ਗ੍ਰੰਥਾਂ ਵਿਚ ਇਸ ਨੂੰ 'ਵਿਰਾਲੀ' ਜਾਂ 'ਵਿਰਾਟੀ' ਨਾਵਾਂ ਨਾਲ ਸੰਬੋਧਿਤ ਕੀਤਾ ਗਿਆ ਹੈ। ਤੋੜੀ ਇਕ 'ਰਾਗਾਂਗ' ਰਾਗ ਹੋਣ ਕਰਕੇ ਇਸ ਦੇ ਕਈ ਰਾਗ ਪ੍ਰਕਾਰ ਸੰਗੀਤ ਜਗਤ ਵਿਚ ਮਿਲਦੇ ਹਨ ਜਿਵੇਂ ਬਿਲਾਸਖਾਨੀ ਤੋੜੀ, ਅੰਜਨੀ ਤੋੜੀ, ਬਹਾਦੁਰੀ ਤੋੜੀ, ਮੀਆਂ ਕੀ ਤੋੜੀ ਆਦਿ। ਮੱਧਕਾਲੀਨ ਅਤੇ ਸਮਕਾਲੀ ਭਾਰਤੀ ਰਾਗ ਪਰੰਪਰਾ ਵਿਚ ਇਸ ਰਾਗ ਦਾ ਉਲੇਖ ਪ੍ਰਾਪਤ ਹੁੰਦਾ ਹੈ। ਮੱਧਕਾਲੀਨ ਰਾਗ-ਰਾਗਣੀ ਵਰਗੀਕਰਣ ਪੱਧਤੀ ਨਾਲ ਸਬੰਧਿਤ ਕਈ ਗ੍ਰੰਥਕਾਰਾਂ ਨੇ ਟੋਡੀ ਨੂੰ ਮੁੱਖ ਰਾਗ ਦੀ ਬਜਾਇ ਰਾਗਣੀ ਦੇ ਤੌਰ ਤੇ ਬਿਆਨਿਆ ਹੈ। ਕੁਝ ਸ਼ਾਸਤਰਕਾਰਾਂ ਨੇ ਇਸ ਨੂੰ ਬਸੰਤ ਰਾਗ ਦੀ ਰਾਗਣੀ ਮੰਨਿਆ ਹੈ ਅਤੇ ਕੁਝ ਨੇ ਦੀਪਕ ਰਾਗ ਦੀ ਰਾਗਣੀ ਪ੍ਰਵਾਨ ਕੀਤਾ ਹੈ। 'ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ' ਵਿਚ ਵੀ ਟੋਡੀ ਰਾਗ ਨੂੰ ਮਾਲਕੌਂਸ ਦੀ ਰਾਗਣੀ ਮੰਨਿਆ ਗਿਆ ਹੈ।

ਟੋਡੀ ਰਾਗ ਦੇ ਅਧੀਨ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਦਰਜ ਹੈ। ਇਸ ਦੇ ਅੰਤਰਗਤ ਗੁਰੂ ਰਾਮਦਾਸ ਜੀ ਇਕ; ਗੁਰ ਅਰਜਨ ਦੇਵ ਜੀ ਦੇ ਤੀਹ; ਗੁਰੂ ਤੇਗ ਬਹਾਦਰ ਜੀ ਦਾ ਇਕ ਅਤੇ ਭਗਤ ਨਾਮਦੇਵ ਦੁਆਰਾ ਰਚਿਤ ਤਿੰਨ ਪਦੇ ਬਾਣੀ ਰਚਨਾਵਾਂ ਅੰਕਿਤ ਹਨ। ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਚਲਿਤ ਕੀਰਤਨ ਚੌਕੀ ਪਰੰਪਰਾ ਦੇ ਅਧੀਨ ਰਾਗ ਟੋਡੀ ਦਾ ਖੂਬ ਪ੍ਰਚਲਨ ਰਿਹਾ ਹੈ ਜਿਨ੍ਹਾਂ ਵਿਚ 'ਚਰਨ ਕਮਲ ਦੀ ਚੌਕੀ', 'ਜਨਮ ਸਮੇਂ ਦੀ ਕੀਰਤਨ ਚੌਕੀ', 'ਕੁੜਮਾਈ ਸਮੇਂ ਦੀ ਕੀਰਤਨ ਚੌਕੀ', 'ਅਨੰਦ ਕਾਰਜ ਦੀ ਕੀਰਤਨ ਚੌਕੀ'' ਆਦਿ ਕੀਰਤਨ ਚੌਕੀਆਂ ਪ੍ਰਮੁੱਖ ਹਨ।

ਟੋਡੀ ਰਾਗ ਦੇ ਸਰੂਪ ਸਬੰਧੀ ਵਿਦਵਾਨਾਂ ਦੇ ਵਿਚਾਰਾਂ ਵਿਚ ਮਤਭੇਦ ਮਿਲਦੇ ਹਨ। ਕੁਝ ਵਿਦਵਾਨ ਇਸ ਰਾਗ ਵਿਚ ਵਾਦੀ ਸੁਰ ਰਿਸ਼ਭ ਮੰਨਦੇ ਹਨ, ਕੁਝ ਵਾਦੀ ਧੈਵਤ ਅਤੇ ਸੰਵਾਦੀ ਗੰਧਾਰ ਅਤੇ ਕੁਝ ਵਾਦੀ ਧੈਵਤ ਅਤੇ

ਸੰਵਾਦੀ ਰਿਸ਼ਭ ਮੰਨਦੇ ਹਨ ਪਰੰਤੂ ਗੁਰਮਤਿ ਸੰਗੀਤ ਦੇ ਵਿਦਵਾਨਾਂ ਨੇ ਇਸ ਦਾ ਵਾਦੀ-ਸੰਵਾਦੀ ਧੈਵਤ-ਰਿਸ਼ਭ ਹੀ ਮੰਨਿਆ ਹੈ। ਇਸ ਦੀ ਜਾਤੀ ਬਾਰੇ ਵੀ ਵਿਦਵਾਨ ਇਕ ਮੱਤ ਨਹੀਂ ਹਨ। ਕੁਝ ਆਰੋਹ ਵਿਚ ਪੰਚਮ ਵਰਜਿਤ ਕਰਕੇ ਇਸ ਦੀ ਜਾਤੀ ਸ਼ਾੜਵ-ਸੰਪੂਰਨ ਮੰਨਦੇ ਹਨ ਅਤੇ ਕੁਝ ਸੰਪੂਰਨ-ਸੰਪੂਰਨ ਜਾਤੀ ਦਾ ਰਾਗ ਮੰਨਦੇ ਹਨ।

ਆਧੁਨਿਕ ਸਮੇਂ ਵਿਚ ਟੋਡੀ ਰਾਗ ਦਾ ਸਰਬਪ੍ਰਵਾਨਿਤ ਸਰੂਪ ਹੈ ਜਿਸ ਨੂੰ ਗੁਰਮਤਿ ਦੇ ਗ੍ਰੰਥ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪ੍ਰੋ. ਤਾਰਾ ਸਿੰਘ, ਰਾਗ ਨਿਰਣਾਇਕ ਕਮੇਟੀ ਨੇ ਅਤੇ ਰਾਗ ਕੋਸ਼ ਵਿਚ ਵੀ ਪ੍ਰਮਾਣਿਕਤਾ ਦਿੱਤੀ ਗਈ ਹੈ। ਟੋਡੀ ਰਾਗ ਨੂੰ ਤੋੜੀ ਥਾਟ ਦਾ ਆਸ਼ਰਯ ਰਾਗ ਮੰਨਿਆ ਜਾਂਦਾ ਹੈ। ਇਸ ਦੀ ਜਾਤੀ ਸੰਪੂਰਨ-ਸੰਪੂਰਨ ਹੈ। ਇਸ ਵਿਚ ਰਿਸ਼ਭ, ਗੰਧਾਰ, ਧੈਵਤ ਕੋਮਲ ਮਧਿਅਮ ਤੀਵਰ ਅਤੇ ਬਾਕੀ ਸ਼ੁੱਧ ਸੁਰ ਵਰਤੇ ਜਾਂਦੇ ਹਨ। ਇਸ ਰਾਗ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਗੰਧਾਰ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਦਿਨ ਦਾ ਦੂਸਰਾ ਪਹਿਰ ਮੰਨਿਆ ਗਿਆ ਹੈ। ਇਹ ਰਾਗ ਉਤਰਾਂਗ ਪ੍ਰਧਾਨ ਰਾਗ ਹੈ। ਇਸ ਰਾਗ ਦਾ ਆਰੋਹ : ਸ਼ੜਜ ਰਿਸ਼ਭ(ਕੋਮਲ) ਗੰਧਾਰ (ਕੋਮਲ), ਮਧਿਅ (ਤੀਵਰ) ਪੰਚਮ ਮਧਿਅਮ (ਤੀਵਰ) ਧੈਵਤ (ਕੋਮਲ), ਨਿਸ਼ਾਦ ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ (ਕੋਮਲ), ਪੰਚਮ, ਮਧਿਅਮ (ਤੀਵਰ) ਗੰਧਾਰ (ਕੋਮਲ), ਰਿਸ਼ਭ (ਕੋਮਲ) ਸ਼ੜਜ ਅਤੇ ਮੁੱਖ ਅੰਗ : ਧੈਵਤ (ਕੋਮਲ) ਨਿਸ਼ਾਦ (ਮੰਦਰ ਸਪਤਕ) ਸ਼ੜਜ, ਰਿਸ਼ਭ (ਕੋਮਲ) ਗੰਧਾਰ (ਕੋਮਲ), ਮਧਿਅਮ (ਤੀਵਰ) ਗੰਧਾਰ (ਕੋਮਲ) ਰਿਸ਼ਭ (ਕੋਮਲ) ਗੰਧਾਰ (ਕੋਮਲ), ਰਿਸ਼ਭ (ਕੋਮਲ) ਸ਼ੜਜ ਹੈ।

ਜੈਤਸਰੀ ਤੇ ਟੋਡੀ ਰਾਗਾਂ ਦੇ ਅਧੀਨ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਭਾਈ ਅਵਤਾਰ ਸਿੰਘ - ਗੁਰਚਰਨ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਪ੍ਰਮੁੱਖ ਰਚਨਾਕਾਰਾਂ ਦੀਆਂ ਸੁਰਲਿਪੀ ਬੱਧ ਰਚਨਾਵਾਂ ਮਿਲਦੀਆਂ ਹਨ।

ਉਕਤ ਦੋਵੇਂ ਰਾਗਾਂ ਨੂੰ ਭਾਈ ਬਲਬੀਰ ਸਿੰਘ, ਭਾਈ ਧਰਮ ਸਿੰਘ 'ਜਖਮੀ', ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਡਾ. ਨਿਵੇਦਿਤਾ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਕੁਲਵੰਤ ਸਿੰਘ ਚੰਦਨ, ਭਾਈ ਨਰਿੰਦਰ ਸਿੰਘ, ਭਾਈ ਮੋਹਿੰਦਰ ਸਿੰਘ ਸਾਗਰ ਅਤੇ ਬੀਬੀ ਗੁਰਪ੍ਰੀਤ ਕੌਰ-ਕੀਰਤ ਕੌਰ ਆਦਿ ਕੀਰਤਨਕਾਰਾਂ ਨੇ ਬਾਖ਼ੂਬੀ ਗਾਇਆ ਹੈ ਜਿਨ੍ਹਾਂ ਨੂੰ ਅਸੀਂ www.gurmatsangeetpup.com, www.sikh-relics.com, www.vismaadnaad.org ਵੈਬਸਾਈਟਸ ਤੇ ਸੁਣ ਸਕਦੇ ਹਾਂ।

* ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਗੁਰੂ ਨਾਨਕ ਦੇਵ ਤੇ ਸੰਗੀਤ : ਇਤਿਹਾਸਕ ਪਰਿਪੇਖ

## ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ) ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਵਾਰ ਦੀਆਂ ਪਉੜੀਆਂ ਵਿਚ ਦੱਸਿਆ ਕਿ ਗੁਰੂ ਸਾਹਿਬ ਜਦੋਂ ਸਿੱਧਾਂ ਨੂੰ ਮਿਲਦੇ ਹਨ ਤਾਂ ਚਰਚਾ ਵਿਚ ਉਹਨਾਂ ਨੂੰ ਸਪਸ਼ਟ ਕਰਦੇ ਹਨ ਉਹਨਾਂ ਕੋਲ ਹੋਰ ਕਰਾਮਾਤ ਨਹੀਂ ਸਗੋਂ ਉਹ ਤਾਂ ਬਾਣੀ ਅਤੇ ਸੰਗਤ ਦਾ ਆਸਰਾ ਲੈਂਦੇ ਹਨ:

ਗੁਰ ਸੰਗਤਿ ਬਾਣੀ ਬਿਨ ਦੂਜੀ ਓਟ ਨਹੀਂ ਹਹਿ ਰਾਈ॥ (ਵਾਰ 1 ਪਉੜੀ 42)

ਭਾਈ ਸਾਹਿਬ ਦਸਦੇ ਹਨ ਕਿ ਸ਼ਬਦ ਦੀ ਜੁਗਤ ਨਾਲ ਹੀ ਗੁਰੂ ਨਾਨਕ ਦੇਵ ਜੀ ਨੇ ਸਿਧ ਮੰਡਲੀ ਉਪਰ ਵਿਜੈ ਪ੍ਰਾਪਤ ਕੀਤੀ।

ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਆਪਣੀ ਪੰਥ ਨਿਰਾਲਾ॥ (ਵਾਰ 1 ਪਉੜੀ 42)

ਜਿੱਥੇ ਵੀ ਕੋਈ ਗੁਰੂ ਸਾਹਿਬ ਦਾ ਸਿੱਖ ਬਣਦਾ ਗੁਰੂ ਸਾਹਿਬ ਉਸ ਨੂੰ ਧਰਮਸਾਲਾ ਾਇਮ ਕਰਨ ਲਈ ਕਹਿੰਦੇ। ਇਹਨਾਂ ਧਰਮਸਾਨਾਂ ਵਿਚ ਕੀਰਤਨ ਪ੍ਰਮੁੱਖ ਕਰਮ ਹੁੰਦਾ ਸੀ। ਭਾਈ ਗੁਰਦਾਸ ਜੀ ਦਾ ਕਥਨ ਹੈ:

ਘਰਿ ਘਰਿ ਅੰਦਰ ਧਰਮਸਾਲ ਹੋਵੇ ਕੀਰਤਨ ਸਦਾ ਵਿਸੋਆ॥ (ਵਾਰ 1,ਪਉੜੀ 27)

ਇਸ ਤਰ੍ਹਾਂ ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚੋਂ ਕੀਰਤਨ ਦਾ ਮੁੱਖ ਸਥਾਨ ਸੀ

ਜਨਮ ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਆਪਣੇ ਵਿਚਾਰ ਬਾਣੀ ਗਾਇਨ ਰਾਹੀਂ ਪ੍ਰਗਟ ਕਰਦੇ ਹਨ। ਵਲਾਇਤ ਵਾਲੀ ਜਨਮ ਸਾਖੀ ਵਿਚ ਪਟੀ, ਪਾਂਧਾ ਨਾਮਕ ਸਾਖੀ ਵਿਚ ਰਾਗ ਆਸਾ ਵਿਚ ਪੱਟੀ ਉਚਾਰਨ ਦਾ ਹਵਾਲਾ ਮਿਲਦਾ ਹੈ। ਇਯ ਸਾਖੀ ਵਿਚ ਪੱਟੀ ਨੂੰ ਆਦਿ ਬਾਣੀ ਆਖਿਆ ਗਿਆ ਹੈ: ਤਬ ਪਾਂਧੇ ਪਟੀ ਲਿਖ ਦਿੱਤੀ, ਅੱਖਰਾਂ ਪੈਤੀਸ ਕੀ ਮੁਹਾਰਣੀ, ਤਬ ਗੁਰੂ ਨਾਨਕ ਲਗਾ ਪੜ੍ਹਨ। ਰਾਗ ਆਸਾ ਵਿਚ ਪਟੀ ਮ: ੧ ਆਦਿ ਬਾਣੀ ਹੋਈ : ਰਾਗ ਆਸਾ ਮਹਲਾ ੧ ਪਟੀ ਲਿਖੀ।

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥ (ਆਸਾ ਮਹਲਾ ੧ ਪਟੀ ਲਿਖੀ, ਪੰਨਾ 432ਖ਼)

ਇਸ ਸਾਖੀ ਵਿਚ ਸਿਰੀ ਰਾਗ ਵਿਚ ਸ਼ਬਦ ਗਾਇਨ ਕਰਨ ਦਾ ਹਵਾਲਾ ਮਿਲਦਾ ਹੈ:

ਤਬ ਗੁਰੂ ਨਾਨਕ ਇਕ ਸਬਦ ਉਠਾਇਆ :

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥ (ਸਿਰੀ ਰਾਗ ਮਹਲਾ ੧ ਪੰਨਾ 16)

ਪਰਮੇਸ਼ਰ ਦੇ ਗੁਣ ਗਾਇਨ ਕਰਨ ਦੀ ਧੁਨ ਗੁਰੂ ਸਾਹਿਬ ਨੂੰ ਹਰ ਵੇਲੇ ਰਹਿੰਦੀ ਸੀ। ਇਥੋਂ ਤਕ ਕਿ ਜਦੋਂ ਉਹਨਾਂ ਦਾ ਵਿਆਹ ਸੀ ਉਦੋਂ ਵੀ ਉਹ ਸ਼ਬਦ ਗਾਇਨ ਕਰਨ ਲੱਗ ਪਏ। ਮਿਹਰਬਾਨ ਵਾਲੀ ਜਨਮ ਸਾਖੀ ਵਿਚ ਇਹ ਪ੍ਰਸੰਗ ਬੜੇ ਰੌਚਕ ਢੰਗ ਨਾਲ ਬਿਆਨ ਕੀਤਾ ਹੈ:

ਤਬ ਉਨਹੁ ਇਸਤ੍ਰੀਅਹ ਜਿ ਭਲੇ ਘਰਿ ਮਹਿ ਮਿਲਿ ਕਰਿ ਸੋਹਿਲੇ ਗਾਏ। ਤਬ ਗੁਰੂ ਬਾਬਾ ਨਾਨਕ ਜੀ ਉਨ ਕਾ ਰਾਗੁ ਸੁਨਿ ਕਰਿ ਖੁਸ਼ੀ ਭੈਆ ਜਿ, " ਭਾਈ ਏ ਇਸਤ੍ਰੀਆਂ ਖੁਸੀ ਹੋਇ ਹੋਇ ਮਾਨੁਖ ਕੇ ਸੋਹਿਲੇ ਕਿਉ ਗਾਵਦੀਆਂ ਹੈਨਿ,ਮੈਂ ਆਪੁਨੇ ਲਾਲਨ ਕੇ ਸੋਹਿਲੇ ਕਿਉ ਨਾਹੀ ਗਾਵਤਾ, ਜਿਸ ਸਿਉ ਮੇਰੀ ਪ੍ਰੀਤ ਹੈ। " ਤਬ ਗੁਰੂ ਨਾਨਕੁ ਜੀ ਪ੍ਰੇਮ ਪਰਮੇਸੁਰ ਕੇ ਸਾਥਿ ਬਾਨੀ ਬੋਲਿ ਉਠਾ, ਸੂਹੀ ਰਾਗ ਮਹਿ ਸਿਫਤਿ ਛੰਤੁ ਜਿ-

ਹਮ ਘਰਿ ਸਾਜਨ ਆਏ॥ ਸਾਚੈ ਮੇਲਿ ਮਿਲਾਏ॥ (ਸੂਹੀ ਛੰਤ ਮਹਲਾ ੧ ਪੰਨਾ 764)

ਤਬ ਗੁਰੂ ਬਾਬੇ ਰਾਤਿ ਕੈ ਸਮਉ ਏਹੁ ਸਬਕੁ ਕੀਆ। ਅਰ ਇਸਨਾਨੁ ਕਰਿ ਕਰਿ ਪ੍ਰਾਤ ਸਮਉ ਜਨੇਤ ਮਹਿ ਆਇ ਬੈਠਾ। ਅਲਾਪ ਕਰਿ ਰਾਗੁ ਮੰਦਰੀ ਬਿਲਾਵਲੁ ਅਰੁ ਪੀਛੈ ਤੇ ਅਲਾਪਿ ਕਰ ਰਬਾਬੀ ਜਾਜਕ ਕੀਰਤਨੁ ਗਾਵਹਿ ਅਰ ਆਗੈ ਗੁਰੂ ਬਾਬਾ ਨਾਨਕੁ ਜੀ ਗਾਵੈ। ਪਰ ਜਿਨਹੁ ਗੁਰੂ ਬਾਬਾ ਨਾਨਕ ਜੀ ਗਾਵਤਾ ਸੁਣਿਆ ਤੇ ਸਰਦੇਹਹ ਪਰਮਗਤਿ ਗਏ। ਜਿਨਹੁ ਸੁਣਿਆ ਦੇਖਿਆ, ਜਿਨਹੁ ਗੁਰੂ ਬਾਬੇ ਕਾ ਸਬਦੁ ਬਿਰਾਨੇ ਮੁਖਿ ਤੇ ਸੁਣਿਆ ਤੇ ਭੀ ਮੁਕਤੇ ਭਏ।

ਗੁਰੂ ਜੀ ਤਲਵੰਡੀ ਤੋਂ ਸੁਲਤਾਨ ਗਏ ਤਾਂ ਉਹਨਾਂ ਉਥੇ ਮੋਦੀਖਾਨੇ ਵਿਚ ਨੌਕਰੀ ਕਰਦਿਆਂ ਹੋਇਆਂ ਵੀ ਬਾਣੀ ਅਤੇ ਸੰਗੀਤ ਦੇ ਸੰਗਮ, ਕੀਰਤਨ-ਪ੍ਰਵਾਹ ਨੂੰ ਜਾਰੀ ਰੱਖਿਆ। ਵਲਾਇਤ ਵਾਲੀ ਜਨਮ ਸਾਖੀ ਅਨੁਸਾਰ ਗੁਰੂ ਸਾਹਿਬ ਹਰ ਰੋਜ਼ ਰਾਤ ਨੂੰ ਕੀਰਤਨ ਕਰਦੇ ਹਨ, "ਜੋ ਕਿਛੁ ਅਲੂਫਾ ਗੁਰੂ ਜੋਗ ਮਿਲੇ ਸੋ ਖਾਵੇ, ਹੋਰ ਪਰਮੇਸਰ ਦੇ ਅਰਥ ਦੇਵੇ ਅਤੇ ਨਿਤਾਪ੍ਰਤੀ ਰਾਤ ਕਉ ਕੀਰਤਨਹੋਵੇ।

ਮਿਹਰਬਾਨ ਵਾਲੀ ਜਨਮ ਸਾਖੀ ਵਿਚ ਵੀ ਰਾਤ ਦਿਨ ਕੀਰਤਨ ਦਾ ਜ਼ਿਕਰ ਹੋਇਆ ਹੈ। "ਆਪਿ ਬਾਬਾ ਨਾਨਕੁ ਜੀ ਰਾਤਿ ਕੈ ਸਮੇ ਕੀਰਤਨ ਕਰੈ-ਕਰਾਇ ਅਰੁ ਪਿਛੁਲੀ ਰਾਤ ਨਾਵਣਿ ਜਾਇ। ਨਾਹਿ ਕਰਿ ਦਰਿਆਇ ਉਪਰਿ ਸਿਮਰਨੁ ਕੀਰਤਨੁ ਕਰੇ। " (ਚਲਦਾ)

'ਗੁਰੂ ਨਾਨਕ ਦੇਵ ਜੀ ਤੇ ਸੰਗੀਤ' ਪੁਸਤਕ ਵਿੱਚੋਂ

# ਪੰਜਾਬੀ ਯੂਨੀਵਰਸਿਟੀ ਗੁਰਮਤਿ ਸੰਗੀਤ ਦੇ ਅਦੁੱਤੀ ਰੰਗ ਵਿਚ

ਜਤਿੰਦਰ ਸਿੰਘ ਮੱਟੂ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਗੁਰਮਤਿ ਸੰਗੀਤ ਵਿਰਾਸਤ ਦੀ ਪਛਾਣ ਸਥਾਪਤ ਕਰਨ ਵਾਲੀ ਦੁਨੀਆ ਦੀ ਪਹਿਲੀ ਯੂਨੀਵਰਸਿਟੀ ਹੈ। ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਦੀ ਸਰਪਰਸਤੀ ਅਤੇ ਗੁਰਮਤਿ ਸੰਗੀਤ ਪ੍ਰੋਜੈਕਟ ਦੇ ਬਾਨੀ ਵਿਸ਼ਵ ਪ੍ਰਸਿਧ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ, ਭਾਈ ਰਣਧੀਰ ਸਿੰਘ ਆਨ ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਅਤੇ ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਵਿਭਾਗ ਵਿਸ਼ਾਲ ਗੁਰਮਤਿ ਸੰਗੀਤ ਭਵਨ ਵਿਚ ਕਾਰਜਸ਼ੀਲ ਹਨ। ਹਰ ਵਰ੍ਹੇ ਪੰਜਾਬੀ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਉਤਸਵ, ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ, ਗੁਰਮਤਿ ਸੰਗੀਤ ਪ੍ਰਤਿਯੋਗਤਾ ਅਤੇ ਹੋਰ ਕਈ ਅਕਾਦਮਿਕ ਪ੍ਰੋਗਰਾਮ ਕਰਵਾਏ ਜਾਂਦੇ ਹਨ। ਮਿਤੀ 11-12-13 ਅਕਤੂਬਰ, 2014 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗਿਆਰਵਾਂ ਗੁਰਮਤਿ ਸੰਗੀਤ ਉਤਸਵ ਕਰਵਾਇਆ ਗਿਆ ਜਿਸ ਵਿਚ ਗੁਰਮਤਿ ਸੰਗੀਤ ਪ੍ਰਤਿਯੋਗਤਾ ਤੇ ਸਾਲਾਨਾ ਗੁਰਮਤਿ ਸੰਗੀਤ ਸਮਾਗਮ ਵਿਸ਼ੇਸ਼ ਰੂਪ ਵਿਚ ਆਯੋਜਿਤ ਕੀਤੇ ਗਏ। 11 ਅਕਤੂਬਰ, 2014 ਨੂੰ ਗੁਰਮਤਿ ਸੰਗੀਤ ਪ੍ਰਤਿਯੋਗਤਾ ਦਾ ਉਦਘਾਟਨ ਗੁਰੂ ਰਾਮਦਾਸ ਜੀ ਦੀ ਰਾਗ ਸਾਰੰਗ ਵਿਚ ਰਚਿਤ ਪੜਤਾਲ ਸ਼ਬਦ ਰਚਨਾ ਨਾਲ ਕੀਤਾ ਗਿਆ। ਗੁਰਮਤਿ ਸੰਗੀਤ ਵਿਭਾਗ ਦੇ ਵਿਦਿਆਰਥੀ ਤੰਤੀ ਸਾਜ਼ਾਂ ਨਾਲ ਕੇਸਰੀ ਦਸਤਾਰਾਂ ਤੇ ਸਫੇਦ ਬਸਤਰਾਂ ਵਿਚ ਪੂਰਨ ਗੰਧਰਬ ਲਗ ਰਹੇ ਸਨ। ਸ਼ਾਇਦ ਬਹੁਤੇ ਪਾਠਕਾਂ ਨੂੰ ਪਤਾ ਨਾ ਹੋਵੇ, ਪੜਤਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੌਲਿਕ ਰਾਗਾਤਮਕ ਗਾਇਨ ਸ਼ੈਲੀ ਹੈ ਜਿਸ ਵਿਚ ਸ਼ਬਦ ਦੇ ਤੁਕਾਂ ਦੇ ਕਾਵਿਕ ਵਜ਼ਨ ਅਨੁਸਾਰ ਤਾਲ ਪਰਿਵਰਤਤ ਹੁੰਦੇ ਹਨ। ਇਸ ਮੌਲਿਕ ਤੇ ਵਿਲੱਖਣ ਸੰਗੀਤ ਰਚਨਾ ਹੈ ਜਿਸ ਦੇ ਪਰਚਾਰ ਵਿਚ ਯੂਨੀਵਰਸਿਟੀ ਦਾ ਵਿਸ਼ੇਸ਼ ਉੱਦਮ ਹੈ। ਹੁਣ ਗੁਰਮਤਿ ਸੰਗੀਤ ਦੇ ਸਿਖਿਆਰਥੀਆਂ ਵਿਚ ਇਹ ਵਿਸ਼ੇਸ਼ ਮਕਬੂਲ ਹੈ। ਪੰਜਾਬੀ ਯੂਨੀਵਰਸਿਟੀ ਨੇ ਸੱਤ ਸੀਡੀਜ਼ ਤੇ ਪੁਸਤਕਾਂ ਵਿਚ ਪੜਤਾਲ ਰਚਨਾਵਾਂ ਦਾ ਸੰਗ੍ਰਹਿ ਕੀਤਾ ਅਤੇ ਇਸਦੇ ਨਾਲ ਹੀ ਵਿਰਾਸਤੀ ਸੰਗੀਤ ਦੀ 2200 ਘੰਟਿਆਂ ਦੀ ਰਿਕਾਰਡਿੰਗ ਆਪਣੀ ਵੈਬਸਾਈਟ 'ਤੇ ਪਾਈ ਹੈ ਜੋ ਮਿਸਾਲ ਵੀ ਹੈ ਅਤੇ ਕਮਾਲ ਵੀ ਹੈ। ਗੁਰਮਤਿ ਸੰਗੀਤ ਪ੍ਰਤਿਯੋਗਤਾ ਸੀਨੀਅਰ ਤੇ ਜੂਨੀਅਰ ਕੈਟਾਗਰੀਜ਼ ਵਿਚ ਓਪਨ ਮੁਕਾਬਲਾ ਹੈ। ਪੰਜਾਬੀ ਯੂਨੀਵਰਸਿਟੀ ਵਲੋਂ ਵਿਦਵਾਨਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਕੀਰਤਨ ਸਿਧਾਂਤਾਂ ਅਨੁਸਾਰ ਨਿਯਮਾਵਲੀ ਛਾਪੀ ਗਈ ਹੈ। ਰਾਗਾਤਮਕ ਸ਼ਬਦ ਗਾਇਨ ਤੋਂ ਇਲਾਵਾ ਤੰਤੀ ਸਾਜ਼ ਰਬਾਬ, ਸਾਰੰਦਾ, ਤਾਊਸ, ਦਿਲਰੁਬਾ ਵਰਗੇ ਸਾਜ਼ ਵਜਾਉਂਦੇ ਸਾਡੇ ਪੰਜਾਬ ਦੇ ਸੰਗੀਤ ਵਿਦਿਆਰਥੀ ਮਨ ਨੂੰ ਤਸੱਲੀ ਤੇ ਤਸਕੀਨ ਦੇਂਦੇ ਹਨ। ਹੌਸਲਾ ਹੁੰਦਾ ਹੈ ਕਿ ਪੰਜਾਬੀ ਯੂਨੀਵਰਸਿਟੀ ਵਿਚ ਡਾ. ਗੁਰਨਾਮ ਸਿੰਘ ਅਤੇ ਗੁਰਮਤਿ ਸੰਗੀਤ ਦੇ ਵਿਭਾਗਾਂ ਦੀ ਬਦੌਲਤ ਅਸੀਂ ਖੈਰ ਗੁਰਮਤਿ ਸੰਗੀਤ ਵਿਰਾਸਤ ਦੀ ਸੰਭਾਲ ਕਰਨ ਵਿਚ ਤਾਂ

ਸਫਲ ਹੋਏ ਹਾਂ।

ਗੁਰਮਤਿ ਸੰਗੀਤ ਪ੍ਰਤਿਯੋਗਤਾ ਨੂੰ ਚੀਫ਼ ਕੋਆਰਡੀਨੇਟਰ ਡਾ. ਕੰਵਲਜੀਤ ਸਿੰਘ, ਕੋਆਰਡੀਨੇਟਰ ਡਾ. ਵਰਿੰਦਰ ਕੌਰ ਤੇ ਪ੍ਰੋ. ਅਮਨਦੀਪ ਸਿੰਘ ਨੇ ਬਾਖੂਬੀ ਸੰਚਾਲਨ ਕੀਤਾ। ਇਨ੍ਹਾਂ ਕੀਰਤਨ ਮੁਕਾਬਲਿਆਂ ਵਿਚ ਵੱਖ-ਵੱਖ ਟੀਮਾਂ ਨੇ ਜੇਤੂ ਰਹਿ ਕੇ ਸੋਨੇ, ਚਾਂਦੀ, ਕਾਸੀ ਦੇ ਤਮਗਿਆਂ ਨਾਲ ਪ੍ਰਮਾਣ ਪੱਤਰ ਤੇ 1,61,000/- ਰੁਪਏ ਦੇ ਨਕਦ ਇਨਾਮ ਪ੍ਰਾਪਤ ਕੀਤੇ।

ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਚੇਅਰ ਵਿਚ ਗੁਰਮਤਿ ਸੰਗੀਤ 'ਤੇ ਖੋਜ ਹੋ ਰਹੀ ਹੈ। ਹੁਣ ਤਕ ਗੁਰਮਤਿ ਸੰਗੀਤ ਸਬੰਧੀ ਕਈ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ ਅਤੇ ਆਰਕਾਈਵਜ਼ ਰਿਕਾਰਡਿੰਗਜ਼ ਵੀ ਕਰਵਾਈਆਂ ਜਾ ਰਹੀਆਂ ਹਨ। ਭਾਈ ਬਲਬੀਰ ਸਿੰਘ, ਭਾਈ ਗੁਲਾਮ ਮੁਹੰਮਦ ਚਾਂਦ, ਉਸਤਾਦ ਤਾਰੀ ਖਾਂ, ਭਾਈ ਨਿਰਮਲ ਸਿੰਘ ਅਤੇ ਹੋਰ ਸੰਗੀਤਕਾਰ ਕੀਰਤਨੀਆਂ ਦੀਆਂ ਇੰਟਰਵਿਊ ਰਿਕਾਰਡਿੰਗ ਤੁਸੀਂ ਇਥੋਂ ਹੀ ਲਭ ਸਕਦੇ ਹੋ।

ਰਬਾਬ ਵਜਾਉਂਦਾ ਗੁਰੂ ਨਾਨਕ ਪਾਤਸ਼ਾਹ ਦਾ ਸੰਗੀ ਭਾਈ ਮਰਦਾਨਾ ਇਸ ਵਿਭਾਗ ਦਾ ਲੋਗੋ ਹੈ। ਪੰਜਾਬੀ ਯੂਨੀਵਰਸਿਟੀ ਨੇ ਭਾਈ ਫਿਰੰਦੇ ਦੀ ਰਬਾਬ ਦੀ ਭਾਲ ਕਰਦਿਆਂ ਗੁਰ ਅਰਜਨ ਤੇ ਦਸਮ ਪਾਤਸ਼ਾਹ ਦੇ ਰਬਾਬ ਦੀ ਰੋਸ਼ਨੀ ਵਿਚ ਰਬਾਬ ਤਿਆਰ ਕਰਵਾਕੇ ਵਿਦਿਆਰਥੀਆਂ ਨੂੰ ਸਿਖਵਾਈ। ਹੁਣ ਯੂਨੀਵਰਸਿਟੀ ਦੇ ਵਿਦਿਆਰਥੀ ਹੋਰ ਤੰਤੀ ਸਾਜ਼ ਦੇ ਨਾਲ-ਨਾਲ ਸ੍ਰੀ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਤੋਂ ਰਬਾਬ ਦਾ ਵਾਦਨ ਕੀਰਤਨੀਆਂ ਨਾਲ ਕਰ ਰਹੇ ਹਨ। ਪਹਿਲਾ ਰਬਾਬ ਵਾਦਕ ਕੀਰਤਨੀਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਯੁਕਤ ਕਰ ਲਿਆ ਹੈ।

ਗੁਰਮਤਿ ਸੰਗੀਤ ਉਤਸਵ ਦੇ ਅਵਸਰ 'ਤੇ ਹਰ ਵਰ੍ਹੇ ਵਿਸ਼ਾਲ ਗੁਰਮਤਿ ਸੰਗੀਤ ਸਮਾਗਮ ਕਰਵਾਇਆ ਜਾਂਦਾ ਹੈ ਜਿਸ ਵਿਚ ਵਿਸ਼ਵ ਪ੍ਰਸਿੱਧ ਕੀਰਤਨੀਏ ਰਾਗਾਤਮਕ ਕੀਰਤਨ ਕਰਦੇ ਹਨ। ਇਸ ਵਾਰ 13 ਅਕਤੂਬਰ, 2014 ਨੂੰ ਪਦਮ ਸ਼੍ਰੀ ਭਾਈ ਨਿਰਮਲ ਸਿੰਘ, ਭਾਈ ਦਵਿੰਦਰ ਗੁਲਬਾਗ ਸਿੰਘ, ਭਾਈ ਅਮਰਜੀਤ ਸਿੰਘ, ਬੀਬੀ ਕਮਲਜੀਤ ਕੌਰ ਅਤੇ ਗੁਰਮਤਿ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੱਖ-ਵੱਖ ਰਾਗਾਂ ਅਤੇ ਸਿੱਖ ਸੰਗੀਤ ਤੰਤੀ ਸਾਜ਼ਾਂ ਨਾਲ ਕੀਰਤਨ ਕੀਤਾ। ਇਸ ਸਮਾਗਮ ਵਿਚ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਆਪਣੇ ਭਾਵਪੂਰਤ ਸ਼ਬਦਾਂ ਵਿਚ ਪੰਜਾਬੀ ਯੂਨੀਵਰਸਿਟੀ ਦੀਆਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਅਹਿਮ ਪ੍ਰਾਪਤੀਆਂ ਨੂੰ ਇਕ ਇਤਿਹਾਸਕ ਕਦਮ ਦਸਿਆ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਰਾਸਤ ਦੀ ਸੰਭਾਲ ਲਈ ਉਸ ਦੀ ਅਕਾਦਮਿਕ ਸਥਾਪਤੀ ਜ਼ਰੂਰੀ ਹੁੰਦੀ ਹੈ। ਪੰਜਾਬੀ ਯੂਨੀਵਰਸਿਟੀ ਨੇ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਇਹ ਕਾਰਜ ਕਰ ਵਿਖਾਇਆ ਹੈ ਜੋ ਸਦੀਆਂ ਤੱਕ ਯਾਦ ਰਹੇਗਾ ਅਤੇ ਪੰਜਾਬੀ ਯੂਨੀਵਰਸਿਟੀ ਦੀ ਇਹ ਬਹੁਤ ਵੱਡੀ ਪ੍ਰਾਪਤੀ ਮੰਨੀ ਜਾਵੇਗੀ। ਪੀ-ਐਚ.ਡੀ. ਪੱਧਰ ਤੱਕ ਗੁਰਮਤਿ ਸੰਗੀਤ ਲਾਗੂ ਹੋ ਜਾਣਾ, ਤੰਤੀ ਸਾਜ਼ਾਂ ਦੀ ਸਿਖਲਾਈ ਅਤੇ ਆਨ ਲਾਈਨ ਦੀਆਂ ਨਵੀਆਂ ਤਕਨੀਕਾਂ ਦੁਆਰਾ ਵਿਸ਼ਵ ਪੱਧਰ 'ਤੇ ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਸੈਂਟਰਾਂ ਦੀ ਸਥਾਪਤੀ ਪੰਜਾਬੀ ਯੂਨੀਵਰਸਿਟੀ ਦੀ ਟੀਮ ਦੀ ਸ਼ਲਾਘਾਯੋਗ ਪ੍ਰਾਪਤੀ ਹੈ। ਪੰਜਾਬੀ ਯੂਨੀਵਰਸਿਟੀ ਨੇ ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰਾਂ ਦੁਆਰਾ ਸਮੁੱਚੇ ਵਿਸ਼ਵ ਵਿਚ ਵਿਸਥਾਰ ਕਰ ਦਿਤਾ ਹੈ। ਗੁਰਮਤਿ ਸੰਗੀਤ ਦੇ ਕੀਰਤਨਕਾਰਾਂ ਅਤੇ ਗੁਰਮਤਿ ਸੰਗੀਤ ਦੇ ਘਰਾਣਿਆਂ ਨੂੰ ਸਨਮਾਨਿਤ ਕਰਨ ਦੀ ਰਵਾਇਤ ਦੀ ਉਨ੍ਹਾਂ ਨੇ ਸ਼ਲਾਘਾ ਕੀਤੀ। ਡਾ. ਜਸਪਾਲ ਸਿੰਘ, ਵਾਈਸ-ਚਾਂਸਲਰ ਨੇ ਦਸਿਆ ਕਿ ਹਰ ਵਰ੍ਹੇ ਗੁਰਮਤਿ ਸੰਗੀਤ ਦੇ ਇਕ ਕੀਰਤਨੀਏ ਘਰਾਣੇ ਨੂੰ ਗੁਰਮਤਿ ਸੰਗੀਤ ਉਤਸਵ ਵਿਚ

ਸਨਮਾਨਤ ਕੀਤਾ ਜਾਂਦਾ ਹੈ। ਹੁਣ ਤਕ ਪ੍ਰਸਿਧ ਕੀਰਤਨੀਏ ਭਾਈ ਧਰਮ ਸਿੰਘ ਜ਼ਖਮੀ ਅਤੇ ਭਾਈ ਸੰਤਾ ਸਿੰਘ ਦੇ ਘਰਾਣੇ ਨੂੰ ਇਹ ਸਨਮਾਨ ਦਿਤਾ ਜਾ ਚੁਕਾ ਹੈ ਅਤੇ ਇਸ ਵੇਰ ਇਹ ਸਨਮਾਨ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਘਰਾਣੇ ਨੂੰ ਦਿਤਾ ਹੈ।

ਰਬਾਬੀ ਪਰੰਪਰਾ ਦੀ ਧਰਾਤਲ 'ਚੋਂ ਉਸਰਿਆ ਇਹ ਘਰਾਣਾ ਸ਼ੁੱਧ ਪੰਜਾਬੀ ਕਲਾਸਕੀ ਗਾਇਕੀ ਅਤੇ ਸ਼ਬਦ ਕੀਰਤਨ ਵਿਚ ਯੁਗਲਬੰਦੀ ਦੀ ਸਫਲ ਮਿਸਾਲ ਹੈ। ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਦੇ ਰਾਗੀ ਘਰਾਣੇ ਦਾ ਆਰੰਭ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਵਰੋਸਾਏ ਕੀਰਤਨੀਏ ਭਾਈ ਚੂਹੜ ਜੀ ਤੋਂ ਹੋਇਆ ਜਿਨ੍ਹਾਂ ਛੇਵੇਂ ਪਾਤਸ਼ਾਹ ਦੇ ਸਨਮੁੱਖ ਬੌਦਲਾਂ ਦੇ ਸਥਾਨ ਤੇ ਕੀਰਤਨ ਵੀ ਕੀਤਾ। ਇਸ ਘਰਾਣੇ ਦੇ ਭਾਈ ਨੰਦ ਪਟਿਆਲੇ ਘਰਾਣੇ ਦੇ ਉਸਤਾਦ ਆਸ਼ਿਕ ਅਲੀ ਖਾਂ ਸਾਹਿਬ ਅਤੇ ਰਬਾਬੀ ਭਾਈ ਚਾਂਦ ਦੇ ਵਡੇਰਿਆਂ ਕੋਲੋਂ ਵੀ ਤਾਲੀਮ ਪ੍ਰਾਪਤ ਕਰਦੇ ਰਹੇ। ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਨੇ ਰਬਾਬੀ ਭਾਈ ਨੰਦ ਜੀ ਤੋਂ ਸੰਗੀਤ ਤੇ ਸ਼ਬਦ ਕੀਰਤਨ ਦੀ ਤਾਲੀਮ ਲਈ। ਵਰਤਮਾਨ ਸਮੇਂ ਇਸ ਘਰਾਣੇ ਦੀ ਚੌਥੀ ਪੀੜ੍ਹੀ ਤਨਦੇਹੀ ਨਾਲ ਕੀਰਤਨ ਦੀ ਸੇਵਾ ਨਿਭਾ ਰਹੀ ਹੈ।

ਵਾਈਸ-ਚਾਂਸਲਰ ਸਾਹਿਬ ਨੇ ਦਸਿਆ ਕਿ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਨੇ ਦਿੱਲੀ ਵਿਖੇ 1988 ਵਿਚ ਭਾਰਤੀ ਸੰਗੀਤ ਦੇ ਉਸਤਾਦ ਗਾਇਕ ਪੰਡਤ ਭੀਮਸੇਨ ਜੋਸ਼ੀ ਤੋਂ ਪਹਿਲਾਂ ਗਾਇਨ ਕਰਕੇ ਇਤਿਹਾਸ ਸਿਰਜਿਆ ਸੀ। ਸਾਡੀ ਕੌਮ ਨੂੰ ਇਨ੍ਹਾਂ ਉਤੇ ਭਰਪੂਰ ਮਾਣ ਹੈ।

ਗੁਰਮਤਿ ਸੰਗੀਤ ਦੇ ਇਨ੍ਹਾਂ ਸਮਾਗਮਾਂ ਵਿਚ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਗੁਰਮਤਿ ਸੰਗੀਤ ਦੇ ਸਰੋਤੇ ਅਤੇ ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕ, ਵਿਦਿਆਰਥੀਆਂ ਤੇ ਕਰਮਚਾਰੀਆਂ ਦੀ ਸੰਗਤ ਹਾਜ਼ਰ ਸੀ। ਪ੍ਰਮੁੱਖ ਸ਼ਖਸੀਅਤਾਂ ਵਿਚ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ; ਸ. ਬੀਰ ਦਵਿੰਦਰ ਸਿੰਘ, ਸਾਬਕਾ ਡਿਪਟੀ ਸਪੀਕਰ, ਪੰਜਾਬ; ਸ. ਦਵਿੰਦਰ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ; ਸ. ਸਵਿੰਦਰ ਸਿੰਘ ਸਭਰਵਾਲ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਾਜ਼ਰ ਸਨ। ਪੀਟੀਸੀ ਚੈਨਲ ਵਜੋਂ ਸ. ਪਰਮਜੀਤ ਸਿੰਘ ਸਾਹਨੀ ਅਤੇ ਹਰਪ੍ਰੀਤ ਸਿੰਘ ਸਾਹਨੀ ਦੀ ਅਗਵਾਈ ਵਿਚ ਇਸ ਸਮਾਗਮ ਦਾ ਸਿਧਾ ਪ੍ਰਸਾਰਣ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਚੇਚੇ ਤੌਰ 'ਤੇ ਪਹੁੰਚੇ ਸ. ਪਰਮਜੀਤ ਸਿੰਘ ਸਰੋਆ, ਐਡੀਸ਼ਨਲ ਸਕੱਤਰ ਨੇ ਜਥੇਦਾਰ ਅਵਤਾਰ ਸਿੰਘ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ


Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop

THE AROMA

Premium Event Centre
Millennium Centre
Deliberations
Abhinandan
Exporama
Mind Set
Art Craft

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਸੰਗੀਤ ਪ੍ਰਕਾਸ਼ਨਾਵਾਂ ਦਾ ਇਤਿਹਾਸ ਤੇ ਵਿਕਾਸ

ਡਾ. ਰਿਸ਼ਪਾਲ ਸਿੰਘ

ਕਿਸੇ ਵੀ ਸੱਭਿਅਤਾ ਜਾਂ ਸੰਸਕ੍ਰਿਤੀ ਦਾ ਦਰਪਣ ਉਸ ਦਾ ਵਿਰਸਾ ਹੁੰਦਾ ਹੈ ਅਤੇ ਉਸ ਸੰਸਕ੍ਰਿਤੀ, ਸੱਭਿਅਤਾ ਅਤੇ ਸੱਭਿਆਚਾਰ ਨੂੰ ਕਾਇਮ ਰੱਖਣ ਲਈ ਸਭ ਤੋਂ ਵਧੇਰੇ ਮਹੱਤਵਪੂਰਨ ਭੂਮਿਕਾ ਗ੍ਰੰਥਾਂ ਦੀ ਹੀ ਹੁੰਦੀ ਹੈ। ਜੇਕਰ ਕਿਸੇ ਸੰਸਕ੍ਰਿਤੀ ਅਤੇ ਵਿਰਸੇ ਦੇ ਪਿਛੋਕੜ ਬਾਰੇ ਵਿਸਤਾਰ ਸਹਿਤ ਜਾਨਣਾ ਹੋਵੇ ਤਾਂ ਉਸ ਸੰਸਕ੍ਰਿਤੀ ਨਾਲ ਸਬੰਧਿਤ ਗ੍ਰੰਥਾਂ ਦਾ ਅਧਿਐਨ ਮੁੱਖ ਸਰੋਤ ਵਜੋਂ ਅਵਸ਼ਕ ਹੁੰਦਾ ਹੈ । ਭਾਰਤੀ ਪਰੰਪਰਾ ਵਿੱਚ ਸੰਗੀਤ ਨੂੰ ਗੁਰਮੁੱਖੀ ਵਿਦਿਆ ਦਾ ਸਥਾਨ ਹਾਸਿਲ ਹੈ। ਆਰੰਭ ਤੋਂ ਹੀ ਸੰਗੀਤ ਦੀ ਸਿਖਿਆ ਗੁਰੂ-ਸ਼ਿਸ਼ ਪਰੰਪਰਾ ਦੇ ਪਵਿੱਤਰ ਬੰਧਨ ਅਨੁਸਾਰ ਦਿੱਤੀ ਜਾਂਦੀ ਰਹੀ ਹੈ, ਜਿਸ ਵਿੱਚ ਸੰਗੀਤ ਦਾ ਕਿਰਿਆਤਮਕ ਪੱਖ ਪ੍ਰਬਲ ਰਿਹਾ ਹੈ। ਸੰਗੀਤ ਬੇਸ਼ੱਕ ਇੱਕ ਕਿਰਿਆਤਮਕ ਕਲਾ ਹੈ ਪਰੰਤੂ ਸਿਧਾਂਤਿਕ ਪੱਖ ਤੋਂ ਬਿਨਾਂ ਕਿਸੇ ਵੀ ਪਰੰਪਰਾ ਦੀ ਪਹਿਚਾਣ ਗੁਆਚਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਭਾਰਤੀ ਸੰਗੀਤ ਵਿੱਚ ਸਿਧਾਂਤਕ ਪੱਖ ਦੀ ਸਾਂਭ ਸੰਭਾਲ ਹਿਤ ਗ੍ਰੰਥ ਲਿਖਣ ਦੀ ਪਰੰਪਰਾ ਪ੍ਰਚਲਿਤ ਰਹੀ ਹੈ।

ਪ੍ਰਾਚੀਨ ਸਮੇਂ ਵਿੱਚ ਸਭ ਤੋਂ ਪਹਿਲਾ ਜਿਕਰ ਵੇਦਾਂ ਦਾ ਆਉਂਦਾ ਹੈ ਜੋ ਭਾਰਤੀ ਸੰਸਕ੍ਰਿਤੀ, ਸੱਭਿਅਤਾ ਅਤੇ ਲਲਿਤ ਕਲਾਵਾਂ ਦਾ ਮੂਲ ਅਧਾਰ ਹਨ। ਸਾਮਵੇਦ ਪੂਰਨ ਰੂਪ ਵਿੱਚ ਗੇਯ (ਗਾਇਆ ਜਾ ਸਕਣ ਵਾਲਾ) ਗ੍ਰੰਥ ਹੈ। ਇਸ ਤੋਂ ਬਾਦ ਰਮਾਇਣ, ਮਹਾਂਭਾਰਤ, ਭਗਵਤਗੀਤਾ ਅਤੇ ਹੋਰ ਬਹੁਤ ਸਾਰੇ ਮਹਾਂਕਾਵਿਆਂ ਦੀ ਰਚਨਾ ਹੋਈ, ਜਿਸ ਦੇ ਨਤੀਜੇ ਵਜੋਂ ਅੱਜ ਅਸੀਂ ਆਪਣੇ ਅਮੀਰ ਵਿਰਸੇ ਅਤੇ ਵਿਰਾਸਤ ਨੂੰ ਸਾਂਭਣ ਵਿੱਚ ਸਫਲ ਰਹੇ ਹਾਂ। ਸੰਗੀਤ ਭਾਰਤੀ ਸੱਭਿਅਤਾ ਦਾ ਹਮੇਸ਼ਾ ਅਨਿੱਖੜਵਾਂ ਅੰਗ ਰਿਹਾ ਹੈ ਇਸ ਕਰਕੇ ਇਸ ਮਹਾਨ ਕਲਾ ਦੀ ਸਾਂਭ-ਸੰਭਾਲ ਲਈ ਆਰੰਭ ਤੋਂ ਹੀ ਯਤਨ ਹੁੰਦੇ ਰਹੇ ਹਨ। ਅਧਿਆਤਮਕ ਕਾਵਿ ਤੋਂ ਬਾਅਦ ਸੰਗੀਤ ਸਬੰਧੀ ਮੁੱਢਲੀਆਂ ਸੰਸਕ੍ਰਿਤ ਪ੍ਰਕਾਸ਼ਨਾਵਾਂ ਵਿੱਚ ਭਰਤ ਕ੍ਰਿਤ ਨਾਟਿਅ-ਸ਼ਾਸ਼ਤਰ (200 ਤੋਂ 400 ਈ. ਪੂਰਵ) ਦਾ ਨਾਮ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹੈ। ਕਾਲਾਂਤਰ ਵਿੱਚ ਭਾਰਤੀ ਸੰਗੀਤ ਦੀ ਗ੍ਰੰਥ ਲੇਖਣ ਪਰੰਪਰਾ ਨਾਰਦੀਆ ਸ਼ਿਕਸ਼ਾ (ਨਾਰਦ, 7ਵੀਂ ਸ਼ਤਾਬਦੀ); ਬ੍ਰਿਹਿਦੇਸ਼ੀ (ਮਤੰਗ ਮੁਨੀ, 8ਵੀਂ ਸ਼ਤਾਬਦੀ); ਸੰਗੀਤ ਮਕਰੰਦ (ਨਾਰਦ, 8ਵੀਂ ਸ਼ਤਾਬਦੀ); ਗੀਤ ਗੋਵਿੰਦ ( ਜੈ ਦੇਵ, 12ਵੀਂ ਸ਼ਤਾਬਦੀ); ਸੰਗੀਤ ਰਤਨਾਕਰ (ਸ਼ਾਰੰਗਦੇਵ, 13ਵੀਂ ਸ਼ਤਾਬਦੀ ਦਾ ਉਤਰ-ਅਰਧ),

ਸਵਰਮੇਲਕਲਾਨਿਧੀ (ਰਾਮਾਮਾਤਿਆ, 1550); ਰਾਗ ਤਰੰਗਿਣੀ (ਲੋਚਨ, 14ਵੀ ਸ਼ਤਾਬਦੀ), ਰਾਗਮਾਲਾ,ਰਾਗ ਮੰਜਰੀ,ਸਦਰਾਗ-ਚੰਦ੍ਰੋਦਯ (ਪੁੰਡਰੀਕ ਵਿੱਠਲ 1600 ਈ.); ਹਿਰਦੈ ਕੌਤੁਕ, ਹਿਰਦੈ ਪ੍ਰਕਾਸ਼ (ਹਿਰਦੈ ਨਰਾਇਣ ਦੇਵ, 16ਵੀਂ ਸ਼ਤਾਬਦੀ.); ਰਾਗ ਵਿਬੋਧ (ਸੋਮ ਨਾਥ, 1610), ਸੰਗੀਤ ਪਾਰਿਜਾਤ (ਅਹੋਬਲ, 1665 ਈ.), ਅਨੂਪ ਸੰਗੀਤ ਵਿਲਾਸ, ਅਨੂਪ ਸੰਗੀਤ ਰਤਨਾਕਰ, ਅਨੂਪਾਕੁੰਸ਼ (ਭਾਵ ਭੱਟ, 1674-1704); ਚਤੁਰਦੰਡੀਪ੍ਰਕਾਸ਼ਿਕਾ (ਪੰਡਿਤ ਵਿਅੰਕਟਮਖੀ, 1650), ਸੰਗੀਤ ਦਰਪਣ (ਦਮੋਦਰ,17ਵੀਂ ਸ਼ਤਾਬਦੀ), ਰਾਗ ਤੱਤਵ ਵਿਬੋਧ (ਸ਼੍ਰੀ ਨਿਵਾਸ 18ਵੀਂ ਸ਼ਤਾਬਦੀ); ਨਗਮਾਤੇ ਆਸਫੀ (ਮੁਹੰਮਦ ਰਜਾ, 1813 ਈ.), ਸੰਗੀਤ ਰਾਗਕਲਪਦਰੁਮ (ਕ੍ਰਿਸ਼ਨਾਨੰਦ 1842) ਆਦਿ ਮੁੱਲਵਾਨ ਗ੍ਰੰਥਾਂ ਸਦਕਾ ਵੱਧੀ ਫੁੱਲੀ।

ਆਧੁਨਿਕ ਯੁੱਗ ਵਿੱਚ ਬਹੁਤ ਸਾਰੀਆਂ ਖੇਤਰੀ ਭਾਸ਼ਾਵਾਂ ਵਿੱਚ ਪੁਸਤਕਾਂ ਦਾ ਪ੍ਰਕਾਸ਼ਨ ਹੋਣਾ ਆਰੰਭ ਹੋ ਗਿਆ। ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਦੇ ਨਾਲ-ਨਾਲ ਕੁੱਝ ਯੁਰੋਪੀਅਨ ਵਿਦਵਾਨਾਂ ਨੇ ਵੀ ਭਾਰਤੀ ਸ਼ਾਸ਼ਤਰੀ ਸੰਗੀਤ ਦਾ ਅਧਿਐਨ ਕਰਕੇ ਅੰਗਰੇਜੀ ਭਾਸ਼ਾ ਵਿੱਚ ਪੁਸਤਕਾਂ ਦੀ ਰਚਨਾ ਕੀਤੀ ਜਿਵੇਂ ਸੁਪ੍ਰਸਿੱਧ ਪੱਛਮੀ ਵਿਦਵਾਨਾਂ ਵਿੱਚੋਂ Alain Danielou ਨੇ An Introduction to the study of music Scales, Fox Strangways ਨੇ The Music of Hindustan (1913) N.A Williard ਨੇ A Treatise on the Music of Hindustan, William Jones ਨੇ Musical modes of Hindus, ਅਤੇ E. Clements ਨੇ Introduction to the study of Indian Music (1912), ਨਾਮਕ ਪੁਸਤਕਾਂ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਭਾਰਤੀ ਵਿਦਵਾਨਾਂ ਵਿੱਚੋਂ G.H Ranadey ਨੇ Hindustani Music, V.R Deshpande ਨੇ Indian Musical Traditions, S.N Ratanjankar ਨੇ Dhrupad Gayaki ki samasyayen ਅਤੇ Sumati Mutatkar ਨੇ Evolution of Indian Music ਆਦਿ ਪੁਸਤਕਾਂ ਦੀ ਰਚਨਾ ਅੰਗਰੇਜੀ ਭਾਸ਼ਾ ਵਿੱਚ ਕੀਤੀ।

ਹਿੰਦੀ ਭਾਸ਼ਾਈ ਪੁਸਤਕਾਂ ਵਿੱਚ ਸਭ ਤੋਂ ਪਹਿਲਾਂ ਉਸਤਾਦ ਮੌਲਾਬਖਸ਼ ਨੇ 1888 ਈ. ਵਿੱਚ 'ਸੰਗੀਤਾਨੁਭਵ' ਨਾਮਕ ਪੁਸਤਕ ਦੀ ਰਚਨਾ ਕੀਤੀ, ਜਿਸ ਵਿੱਚ ਸੰਗੀਤ ਲੇਖਨ ਅਤੇ ਸੁਰ ਲੇਖਨ ਪੱਧਤੀ ਦਾ ਵਿਵਰਣ ਹੈ। 1888 ਈ. ਵਿੱਚ ਹੀ ਮੁਰਤਜਾ ਖਾਂ ਮੌਲਾਬਖਸ਼ ਕ੍ਰਿਤ 'ਸੰਗੀਤ ਸਲਾਮਾਂਚਾਲਤੀ ਗਾਇਨ' ਅਲਾਉਦੀਨ ਮੌਲਾਬਖਸ਼ ਕ੍ਰਿਤ 'ਸਿਤਾਰ ਸ਼ਿਕਸ਼ਾ' ਅਤੇ ਉਸਮਾਨ ਖਾਂ ਕ੍ਰਿਤ 'ਤਾਲ ਪੱਧਤੀ' ਪੁਸਤਕਾਂ ਦਾ ਪ੍ਰਕਾਸ਼ਨ ਹੋਇਆ। ਰਾਮਸੰਕਰ ਭੱਟਾਚਾਰੀਆ ਦੇ ਸ਼ਿਸ਼ ਕਸ਼ੇਤਰ ਮੋਹਨ ਗੋਸੁਆਮੀ ਨੇ ਹਿੰਦੁਸਤਾਨੀ ਸੰਗੀਤ ਉੱਪਰ ਇਕ ਪੁਸਤਕ ਲਿਖੀ ਅਤੇ ਨਵੀਨ ਹਿੰਦੁਸਤਾਨੀ ਸੁਰ ਲਿਪੀ ਦਾ ਅਵਿਸ਼ਕਾਰ ਕੀਤਾ। ਪੰਡਿਤ ਭਾਤਖੰਡੇ ਨੇ 1899 ਈ. ਵਿੱਚ 'ਸ਼੍ਰੀਮੱਲਲਕਸ਼ਯਸੰਗੀਤਮ' ਨਾਮਕ ਗ੍ਰੰਥ ਸੰਸਕ੍ਰਿਤ ਭਾਸ਼ਾ ਵਿੱਚ ਲਿਖਿਆ ਅਤੇ 'ਚਤੁਰ' ਉਪਨਾਮ ਹੇਠ ਪ੍ਰਕਾਸ਼ਿਤ ਕਰਵਾਇਆ। ਪੰਡਿਤ ਭਾਤਖੰਡੇ ਨੇ ਗ੍ਰੰਥਾਂ ਦੀ ਮਹੱਤਤਾ

ਨੂੰ ਸਮਝਦੇ ਹੋਏ ਪ੍ਰਾਚੀਨ ਵਿਦਵਾਨਾਂ ਦੇ ਲਿਖੇ ਗ੍ਰੰਥਾਂ (ਸਵਰਮੇਲਕਲਾਨਿਧੀ, ਸੰਗੀਤ ਪਰਿਜਾਤ, ਰਾਗ ਵਿਬੋਧ) ਦਾ ਹੋਰ ਭਾਸ਼ਾਵਾਂ ਵਿੱਚ ਰੂਪਾਂਤਰ ਕਰਕੇ ਪ੍ਰਕਾਸ਼ਿਤ ਕਰਵਾਇਆ ਤਾਂ ਜੋ ਇਹ ਸੋਮਾ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਂਭਿਆ ਜਾ ਸਕੇ।

ਸਮੇਂ-ਸਮੇਂ ਅਨੁਸਾਰ ਸੰਗੀਤ ਦੇ (ਸਿਧਾਂਤਿਕ ਅਤੇ ਕਿਰਿਆਤਮਕ) ਦੋਵਾਂ ਪੱਖਾਂ ਨਾਲ ਸਬੰਧਿਤ ਪੁਸਤਕਾਂ ਦਾ ਪ੍ਰਕਾਸ਼ਨ ਹੁੰਦਾ ਰਿਹਾ। ਸੰਗੀਤ ਦੇ ਸਿਧਾਂਤਿਕ ਪੱਖ ਨਾਲ ਸਬੰਧਿਤ ਉਦਾਹਰਣ ਵਜੋਂ ਵਾਸੁਦੇਵ ਸਾਸ਼ਤਰੀ ਨੇ ਸੰਗੀਤ ਸਾਸ਼ਤਰ (1958), ਡਾ. ਸ਼ਰਤਚੰਦਰ ਪਰਾਂਜਏ ਨੇ ਸੰਗੀਤ ਬੋਧ (1972), ਪ੍ਰੋ.ਲਲਿਤ ਕਿਸ਼ੋਰ ਸਿੰਘ ਨੇ ਧਵਨੀ ਔਰ ਸੰਗੀਤ (1972), ਅਚਾਰੀਅ ਬ੍ਰਹਸਪਤੀ ਨੇ ਸੰਗੀਤ ਚਿੰਤਾਮਣੀ (1989),ਡਾ. ਸੁਨੰਦਾ ਪਾਠਕ ਨੇ ਹਿੰਦੁਸਤਾਨੀ ਸੰਗੀਤ ਨੇਂ ਰਾਗ ਕੀ ਉਤਪਤੀ ਵ ਵਿਕਾਸ (1989), ਪੰਡਿਤ ਵਿਸ਼ਨੂੰ ਦਿਗੰਬਰ ਪਲੁਸਕਰ ਨੇ 'ਸੰਗੀਤ ਬਾਲਬੋਧ'; 'ਸੰਗੀਤ ਤੱਤਵ ਦਰਸ਼ਨ; ਪੰਡਿਤ ਵਿਸ਼ਨੂੰ ਦਿਗੰਬਰ ਪਲੁਸਕਰ ਦੇ ਸ਼ਿਸ਼ ਪੰਡਿਤ ਵਿਨਾਇਕ ਰਾਉ ਪਟਵਰਧਨ ਨੇ 'ਨਾਟਯ ਸੰਗੀਤ ਪ੍ਰਕਾਸ਼'; 'ਸੰਗੀਤ ਪ੍ਰਕਾਸ਼ ਰਾਗ ਵਿਗਿਆਨ' ਅਤੇ 'ਬਾਲ ਸੰਗੀਤ; ਡਾ. ਮਧੂਬਾਲਾ ਸਕਸੇਨਾ ਅਤੇ ਡਾ. ਰਾਕੇਸ ਬਾਲਾ ਸਕਸੇਨਾ ਨੇ ਸੰਗੀਤ ਮਧੂਬਨ (2001), ਡਾ. ਮਾਇਆ ਸਿੰਘ ਟਾਕ ਨੇ ਸੰਗੀਤ ਸੰਪਦਾ (2002) ਅਤੇ ਕਿਰਿਆਤਮਕ ਪੱਖ ਨਾਲ ਸਬੰਧਿਤ ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਨੇ 1910 ਈ. ਵਿੱਚ ਹਿੰਦੁਸਤਾਨੀ ਸੰਗੀਤ ਉੱਪਰ ਅਧਾਰਿਤ 'ਕ੍ਰਮਿਕ ਪੁਸਤਕ ਮਲਿੱਕਾ' ਨਾਮਕ ਗ੍ਰੰਥ ਕ੍ਰਮਵਾਰ ਛੇ ਭਾਗਾਂ ਵਿੱਚ ਪ੍ਰਕਾਸ਼ਿਤ ਕਰਵਾਇਆ ਜੋ ਸੰਗੀਤ ਦੀ ਸੰਸਥਾਗਤ ਸਿਖਿਆ ਪ੍ਰਣਾਲੀ ਨੂੰ ਮੱਦੇਨਜਰ ਰੱਖਦੇ ਹੋਏ ਕਿਰਿਆਤਮਕ ਪੱਖ ਦਾ ਵੱਡਮੁਲਾ ਖਜਾਨਾ ਸਮਝਿਆ ਜਾਂਦਾ ਹੈ। ਇਸੇ ਸਮੇਂ ਦੌਰਾਨ ਪੰਡਤ ਵਿਨਾਇਕ ਰਾਵ ਪਟਵਰਧਨ ਨੇ ਰਾਗ ਵਿਗਿਆਨ (7 ਭਾਗ), ਅਚਾਰੀਅ ਕ੍ਰਿਸ਼ਨ ਨਰਾਇਣ ਰਤਨਜਨਕਰ ਨੇ ਅਭਿਨਵ ਗੀਤ ਮੰਜਰੀ (3 ਭਾਗ), ਜੈ ਦੇਵ ਪੱਤਕੀ ਨੇ ਅਪ੍ਰਚਲਿਤ ਰਾਗ (3 ਭਾਗ), ਪੰਡਤ ਉਂਕਾਰ ਨਾਥ ਠਾਕੁਰ ਨੇ ਸੰਗੀਤਾਂਜਲੀ (5 ਭਾਗ), ਪੰਡਿਤ ਗਣੇਸ਼ ਪ੍ਰਸ਼ਾਦ ਸ਼ਰਮਾ ਨੇ 'ਰਾਗ ਪ੍ਰਵੀਣ' (1962), ਨਰਾਇਣ ਲਕਸ਼ਮਣ ਗੁਣੇ ਨੇ 'ਸੰਗੀਤ ਪ੍ਰਵੀਨਦਰਸ਼ਿਕਾ' (1966), ਜੈ ਸੁਖ ਲਾਲ ਤ੍ਰੀ ਮਿਸ਼ਰ ਨੇ 'ਮਲਹਾਰ,ਸਾਰੰਗ,ਕਾਨ੍ਹੜਾ ਅਤੇ ਭੈਰਵ ਦੇ ਪ੍ਰਕਾਰ' (1969-1991), ਹਰੀਸ਼ਚੰਦਰ ਸ਼੍ਰੀ ਵਾਸਤਵ ਨੇ 'ਰਾਗ ਪਰਿਚੈ' (1966-1993), ਰਾਮਆਸ਼ਰਿਅ ਝਾ ਨੇ 'ਅਭਿਨਵ ਗੀਤਾਂਜਲੀ' (1968-1991), ਅਚਾਰਿਆ ਬ੍ਰਹਸਪਤੀ ਨੇ 'ਰਾਗ ਰਹੱਸਿਆ' (1968) ਆਦਿ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ। ਉਪਰੋਕਤ ਪੁਸਤਕਾਂ ਤੋਂ ਇਲਾਵਾ ਵੀ ਅਨੇਕ ਮਹੱਤਵਪੂਰਣ ਪੁਸਤਕਾਂ ਇਸ ਕਾਲ ਦੌਰਾਨ ਪ੍ਰਕਾਸ਼ਿਤ ਹੋਈਆਂ। ਇਸ ਤੋਂ ਬਾਦ ਪੁਸਤਕ ਲਿਖਣ ਦੀ ਪਰੰਪਰਾ ਨਿਰੰਤਰ ਵਿਕਸਤ ਹੁੰਦੀ ਹੋਈ ਅੱਜ ਆਪਣਾ ਸਮਰਿਧ ਸਾਮਰਾਜ ਸਥਾਪਿਤ ਕਰ ਚੁੱਕੀ ਹੈ।

ਪ੍ਰਾਚੀਨ ਸਮੇਂ ਜਿੱਥੇ ਸੰਸਕ੍ਰਿਤ-ਅਰਬੀ, ਮੱਧਕਾਲ ਅਤੇ ਆਧੁਨਿਕ ਕਾਲ ਤੱਕ ਜਿੱਥੇ ਅੰਗਰੇਜੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਪੁਸਤਕਾਂ ਦਾ ਪ੍ਰਕਾਸ਼ਨ ਹੋਇਆ ਉੱਥੇ ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ

ਸਬੰਧੀ ਮੁੱਢਲੇ ਕਾਰਜ 19ਵੀਂ ਸਦੀ ਦੇ ਅੰਤ ਵਿੱਚ ਸ਼ੁਰੂ ਹੋਏ ਅਤੇ ਇਹਨਾਂ ਦਾ ਪ੍ਰਕਾਸ਼ਿਤ ਰੂਪ 20ਵੀਂ ਸਦੀ ਦੇ ਆਰੰਭ ਵਿੱਚ ਸਾਹਮਣੇ ਆਉਣ ਲੱਗਾ। ਆਰੰਭ ਤੋਂ ਹੀ ਸਮੁੱਚੀ ਪੰਜਾਬੀਅਤ ਸਿੱਖ ਧਰਮ ਦੇ ਅਨੁਆਈ ਹੋਣ ਕਰਕੇ ਸੰਗੀਤ ਨੂੰ ਅਧਿਆਤਮਕ ਰੂਪ ਵਿੱਚ ਸਵੀਕਾਰਦੇ ਆਏ ਹਨ ਜਿਸ ਦੇ ਨਤੀਜੇ ਵਜੋਂ ਪੰਜਾਬੀ ਭਾਸ਼ਾ ਵਿੱਚ ਸੰਗੀਤ ਦੀਆਂ ਮੁੱਢਲੀਆਂ ਪ੍ਰਕਾਸ਼ਨਾਵਾਂ ਗੁਰਬਾਣੀ ਸੰਗੀਤ ਵਿਧਾ ਦੇ ਅਨੁਕੂਲ ਪ੍ਰਕਾਸ਼ਿਤ ਹੋਈਆਂ। ਗੁਰਬਾਣੀ ਸੰਗੀਤ ਨੂੰ ਆਮ ਹੱਥਾਂ ਵਿੱਚ ਪਹੁੰਚਾਉਣ ਲਈ ਪ੍ਰੋ. ਸੁੰਦਰ ਸਿੰਘ, ਗਿਆਨੀ ਗਿਆਨ ਸਿੰਘ ਐਬਟਾਬਾਦ, ਪ੍ਰੋ. ਗੁਰਦਿਆਲ ਸਿੰਘ, ਸੰਤ ਸਰਵਣ ਸਿੰਘ ਡੁਮੇਲੀ ਵਾਲੇ, ਸੰਤ ਜੁਗਿੰਦਰ ਸਿੰਘ ਸਰਲ, ਮਾਸਟਰ ਨਿਹਾਲ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਰਾਗੀ ਅਤੇ ਪ੍ਰੋ. ਤਾਰਾ ਸਿੰਘ ਵਰਗੇ ਨਾਮੀ ਵਿਦਵਾਨਾਂ ਨੇ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। ਪ੍ਰਾਪਤ ਹਵਾਲਿਆਂ ਅਨੁਸਾਰ 1913 ਵਿੱਚ ਪ੍ਰੋ. ਸੁੰਦਰ ਸਿੰਘ ਹੁਰਾਂ ਨੇ 'ਹਰਮੋਨਿਯਮ ਕੀਰਤਨ ਸਿਖਿਆ' ਪੁਸਤਕ ਦੀ ਰਚਨਾ ਕੀਤੀ ਜਿਸਨੂੰ ਭਾਈ ਉੱਤਮ ਸਿੰਘ, ਭਾਈ ਗੁਰਚਰਨ ਸਿੰਘ, ਅੰਮ੍ਰਿਤਸਰ ਵਾਲਿਆਂ ਨੇ ਛਾਪਿਆ ਅਤੇ ਇਸ ਪੁਸਤਕ ਦਾ ਮੁੜ-ਪ੍ਰਕਾਸ਼ਨ ਵੀ 1940 ਵਿੱਚ ਭਾਈ ਉੱਤਮ ਸਿੰਘ, ਭਾਈ ਗੁਰਚਰਨ ਸਿੰਘ, ਅੰਮ੍ਰਿਤਸਰ ਵਾਲਿਆਂ ਨੇ ਹੀ ਕੀਤਾ। 1918 ਵਿੱਚ 'ਰਾਗ ਮਾਲਾ ਪ੍ਰਬੋਧ' ਨਾਮਕ ਪੁਸਤਕ ਦੀ ਰਚਨਾ ਭਾਈ ਸਾਹਿਬ ਸਿੰਘ ਨੇ ਕੀਤੀ। 1950 ਤੋਂ ਪਹਿਲਾਂ ਪੰਜਾਬੀ ਭਾਸ਼ਾ ਵਿੱਚ ਸੰਗੀਤ ਕਲਾ ਨਾਲ ਸਬੰਧਿਤ ਕੋਈ ਵੀ ਮੌਲਿਕ ਪੁਸਤਕ ਪ੍ਰਕਾਸ਼ਿਤ ਨਹੀਂ ਹੋਈ। 1958 ਵਿੱਚ  ਸਿੱਖ ਕੀਰਤਨ ਮਰਿਯਾਦਾ ਨਾਲ ਸਬੰਧਿਤ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਕ੍ਰਿਤ ਡਾ. ਭਾਈ ਚਰਨ ਸਿੰਘ ਨਾਮੀ ਪੁਸਤਕ ਦਾ ਹਵਾਲਾ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹੈ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕਾਰਜਰਤ ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਅਤੇ ਗਿਆਨੀ ਗਿਆਨ ਸਿੰਘ ਵਲੋਂ 1961 ਵਿੱਚ ਲਿਖੀ ਪੁਸਤਕ 'ਗੁਰਬਾਣੀ ਸੰਗੀਤ' ਗੁਰਬਾਣੀ ਰਸਿਕ ਪ੍ਰੇਮੀਆਂ ਦੇ ਰੂ-ਬ-ਰੂ ਹੋਈ। ਇਸੇ ਸਮੇਂ ਇੱਕ ਹੋਰ ਉਭਰਵਾਂ ਨਾਮ ਸ੍ਰ. ਰਵੇਲ ਸਿੰਘ 'ਰਵੇਲ' ਦਾ ਸਾਹਮਣੇ ਆਉਂਦਾ ਹੈ 'ਜਿਨ੍ਹਾਂ ਨੇ ਵਰਤਮਾਨ ਸਦੀ ਦੇ ਅੱਧ ਵਿੱਚ ਪਟਿਆਲੇ ਤੋਂ ਇੱਕ ਮਾਸਿਕ ਪੱਤਰ ਗੁਰਮਤਿ ਸੰਗੀਤ ਦੇ ਪਾਸਾਰ ਅਤੇ ਪ੍ਰਚਾਰ ਲਈ ਕੱਢਿਆ,.......... ਪਰੰਤੂ ਕਿਧਰੋਂ ਵੀ ਆਰਥਿਕ ਸਹਾਇਤਾ ਨਾ ਮਿਲਣ ਕਾਰਨ ਇਹ ਪੱਤਰ ਛੇਤੀ ਹੀ ਦਮ ਤੋੜ ਗਿਆ। 1971-1972 ਵਿੱਚ ਡਾ. ਅਜੀਤ ਸਿੰਘ ਪੈਂਤਲ ਨੇ 'ਭਾਰਤੀ ਸ਼ਾਸ਼ਤਰੀ ਸੰਗੀਤ ਵਿੱਚ ਸਿੱਖ ਸੰਗੀਤ ਦੀ ਨੁਹਾਰ ਅਤੇ ਮਹੱਤਤਾ' ਦਿੱਲੀ ਤੋਂ ਪ੍ਰਕਾਸ਼ਿਤ ਕਰਵਾਈ। ਇਸੇ ਸਮੇਂ ਸੰਗੀਤ ਦੇ ਪ੍ਰਕਾਸ਼ਨ ਖੇਤਰ ਦਾ ਸਫਲ ਨਾਮ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਹੁਰਾਂ ਦਾ ਸਾਹਮਣੇ ਆਉਂਦਾ ਹੈ। ਪ੍ਰੋ. ਤਾਰਾ ਸਿੰਘ ਹੁਰਾਂ ਦੀ ਰਚਨਾ 'ਸ਼੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ' ਸਿੱਖ ਸੰਸਾਰ ਵਿੱਚ ਆਪਣੇ ਢੰਗ ਦੀ ਪਹਿਲੀ ਦੇਣ ਹੈ। ਇਸ ਪੁਸਤਕ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਤੀਜੀ ਸ਼ਤਾਬਦੀ ਸਮੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 1977 ਵਿੱਚ ਪ੍ਰਕਾਸ਼ਿਤ ਕੀਤਾ। ਇਸਦੇ ਨਾਲ ਹੀ ਸ਼੍ਰੀ ਗੁਰੂ ਅਮਰਦਾਸ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਨੇ ਲੋਕ ਸੰਪਰਕ ਵਿਭਾਗ ਵਲੋਂ ਪ੍ਰਕਾਸ਼ਿਤ ਕਰਵਾਇਆ। 1977 ਵਿੱਚ ਸ੍ਰ.ਪਿਆਰਾ ਸਿੰਘ ਨੇ 'ਗੁਰਵੰਦਨ

ਸੰਗੀਤ' ਸਿਰਲੇਖ ਹੇਠ ਪੁਸਤਕ ਦੀ ਰਚਨਾ ਕੀਤੀ। ਗੁਰਬਾਣੀ ਸੰਗੀਤ ਦੀਆਂ ਪ੍ਰਾਚੀਨ ਸ਼ਬਦ ਰੀਤਾਂ ਦੀ ਰਿਕਾਰਡਿੰਗ ਨੂੰ ਸੁਰਲਿਪੀਆਂ ਵਿੱਚ ਤਬਦੀਲ ਕਰਕੇ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਨੇ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਸਿਰਲੇਖ ਹੇਠ ਇੱਕ ਪੁਸਤਕ ਦੀ ਰਚਨਾ ਕੀਤੀ ਜਿਸਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 1979 ਵਿੱਚ ਪ੍ਰਕਾਸ਼ਿਤ ਕਰਵਾਇਆ। 1979 ਵਿੱਚ ਹੀ ਪ੍ਰੋ. ਗੁਰਦਿਆਲ ਸਿੰਘ ਕ੍ਰਿਤ 'ਰਾਗ ਪ੍ਰਬੋਧ' ਅਤੇ ਸੰਤ ਜੁਗਿੰਦਰ ਸਿੰਘ ਸਰਲ ਕ੍ਰਿਤ 'ਹਰੀ ਕੀਰਤਨ ਸਿੱਖਿਆ' ਨਾਮਕ ਪੁਸਤਕਾਂ ਦਾ ਪ੍ਰਕਾਸ਼ਨ ਹੋਇਆ। 1982 ਵਿੱਚ ਏ. ਐਸ ਗੋਸਲ ਦੀ 'ਸਿੱਖ ਧਰਮ ਅਤੇ ਸੰਗੀਤ' ਨਾਮਕ ਪੁਸਤਕ ਪੰਜਾਬ ਸਰਕਾਰ ਵਲੋਂ ਸਥਾਪਿਤ ਯੂਨੀਵਰਸਿਟੀ ਟੈਕਸਟ ਬੋਰਡ ਨੇ ਛਾਪੀ, ਇਸ ਪੁਸਤਕ ਨੂੰ ਸੰਗੀਤ ਦੇ ਉੱਘੇ ਵਿਦਵਾਨ ਪ੍ਰੋ. ਤਾਰਾ ਸਿੰਘ ਹੁਰਾਂ ਨੇ ਸੋਧਿਆ ਹੈ ਅਤੇ ਸੰਪਾਦਕ ਡਾ. ਮੋਹਨ ਸਿੰਘ 'ਰਤਨ' ਦਸੇ ਗਏ ਹਨ।

20ਵੀ. ਸਦੀ ਦੇ ਅੱਧ ਤੋਂ ਬਾਦ ਸੰਗੀਤ ਦੇ ਸੰਸਥਾਗਤ ਸਿੱਖਿਆ ਸੰਸਥਾਵਾਂ ਵਿੱਚ ਵਿਕਸਿਤ ਹੋਣ ਦੇ ਨਾਲ ਬਹੁਤ ਸਾਰੇ ਪ੍ਰਕਾਸ਼ਕਾਂ ਨੇ ਬੁੱਧੀ-ਜੀਵ ਸੰਗੀਤ ਵਿਗਿਆਨੀਆਂ ਦੀਆਂ ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਨੂੰ ਭਰਵਾਂ ਹੁੰਗਾਰਾ ਦਿੱਤਾ। ਇਹਨਾਂ ਪ੍ਰਕਾਸ਼ਕਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕਾਰਜਰਤ ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ; ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ; ਭਾਸ਼ਾ ਵਿਭਾਗ, ਪਟਿਆਲਾ; ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਤੋਂ ਵਿਸਮਾਦ ਨਾਦ ਆਦਿ ਦਾ ਯੋਗਦਾਨ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹੈ।

ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਗੁਰਮਤਿ ਸੰਗੀਤ ਨਾਲ ਸਬੰਧਿਤ ਮੁੱਢਲੀਆਂ ਪ੍ਰਕਾਸ਼ਨਾਵਾਂ ਵਿੱਚ ਅਹਿਮ ਯੋਗਦਾਨ ਪਾਇਆ, ਧਰਮ ਪ੍ਰਚਾਰ ਕਮੇਟੀ ਨੇ ਹੁਣ ਤੱਕ 15 ਪੁਸਤਕਾਂ ਨੂੰ ਪ੍ਰਕਾਸ਼ਿਤ ਰੂਪ ਦਿਤਾ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ 1961 ਦੇ ਪੰਜਾਬ ਐਕਟ ਨੰ. 35 ਦੇ ਤਹਿਤ ਹੋਈ, ਇਸ ਐਕਟ ਦਾ ਮੂਲ ਮੰਤਵ ਪੰਜਾਬੀ ਭਾਸ਼ਾ,ਪੰਜਾਬੀ ਅਧਿਐਨ ਦੀ ਉੱਨਤੀ ਲਈ ਅਤੇ 'ਸਿੱਖਿਆ ਅਤੇ ਦੀਖਿਆ' ਨੂੰ ਮਾਧਿਅਮ ਦੇ ਤੌਰ ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਜਾਂ ਹੋਰ ਮਾਨਵਕੀ ਅਤੇ ਵਿਗਿਆਨਿਕ ਵਿਸ਼ਿਆਂ ਦੀ ਸਿੱਖਿਆ ਅਤੇ ਖੋਜ ਦੀ ਉੱਨਤੀ ਲਈ ਇਕ ਯੂਨੀਵਰਸਿਟੀ ਸਥਾਪਿਤ ਅਤੇ ਨਿਗਮਤ ਕਰਨ ਲਈ ਪੰਜਾਬ ਦਾ ਐਕਟ ਨੰ. 35 ਪਾਸ ਹੋਇਆ ਜਿਸ ਨੂੰ ਪੰਜਾਬੀ ਯੂਨੀਵਰਸਿਟੀ 1961 ਦਾ ਨਾਮ ਦਿਤਾ ਗਿਆ । 30 ਅਪ੍ਰੈਲ 1962 ਨੂੰ ਇਸ ਐਕਟ ਅਧੀਨ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਹੋਈ। ਪੰਜਾਬੀ ਯੂਨੀਵਰਸਿਟੀ ਦੁਆਰਾ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਅਰੰਭੇ ਯਤਨਾਂ ਅਧੀਨ ਪੰਜਾਬੀ ਭਾਸ਼ਾ ਵਿਭਾਗ ਦੀ ਸਥਾਪਨਾ ਕੀਤੀ ਗਈ। 1961 ਦੇ ਐਕਟ 35 ਅਧੀਨ ਇਹ ਸਹਿਮਤੀ ਹੋਈ ਕਿ ਪੰਜਾਬੀ ਯੂਨੀਵਰਸਿਟੀ ਵਿੱਚ ਸਿੱਖਿਆ ਦਾ ਮਾਧਿਅਮ ਪੰਜਾਬੀ ਭਾਸ਼ਾ ਹੀ ਹੋਵੇਗਾ। ਇਸ ਮੰਤਵ ਦੀ ਪੂਰਤੀ ਲਈ ਪੰਜਾਬੀ ਯੂਨੀਵਰਸਿਟੀ ਨੇ ਧਰਮ, ਫਿਲਾਸਫੀ, ਵਿਗਿਆਨ

ਅਤੇ ਕਲਾਵਾਂ ਨਾਲ ਸਬੰਧਿਤ ਪੁਸਤਕਾਂ ਨੂੰ ਪ੍ਰਕਾਸ਼ਿਤ ਕਰਵਾਇਆ। ਪੰਜਾਬੀ ਯੂਨੀਵਰਸਿਟੀ ਦੇ ਅਨੇਕ ਵਿਦਵਾਨਾਂ ਨੇ ਵੀ ਪੰਜਾਬੀ ਭਾਸ਼ਾਈ ਪ੍ਰਕਾਸ਼ਨਾਵਾਂ ਵਿੱਚ ਵਡਮੁੱਲੀ ਸੇਵਾ ਕੀਤੀ ਅਤੇ ਜੇਕਰ ਇਹ ਕਹਿ ਦਿੱਤਾ ਜਾਵੇ ਕਿ ਭਾਰਤ ਦੀਆਂ ਸਾਰੀਆਂ ਯੂਨੀਵਰਸਿਟੀਆਂ ਤੋਂ ਵੱਧ ਮਾਂ ਬੋਲੀ, ਵਿਗਿਆਨ, ਇਤਿਹਾਸ, ਖੋਜ, ਸਵੈ-ਜੀਵਨੀਆਂ, ਜੀਵਨੀਆਂ, ਵਿਆਖਿਆ, ਟੀਕੇ ਅਤੇ ਕੋਸ਼ ਗ੍ਰੰਥ ਲਿਖਣ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਸੰਗੀਤ ਵਿਸ਼ੇ ਦੀਆਂ ਪ੍ਰਕਾਸ਼ਨਾਵਾਂ ਵਿੱਚ ਵੀ ਹੋਰ ਕਿਸੇ ਵੀ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਨੇ ਆਪਣੀ ਮਾਤ ਭਾਸ਼ਾ ਵਿੱਚ ਇਸ ਪੱਧਰ ਤੱਕ ਪ੍ਰਕਾਸ਼ਨ ਕਰਾਉਣ ਦਾ ਹੌਸਲਾ ਨਹੀਂ ਕੀਤਾ ਜਦਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਹੁਣ ਤੱਕ ਇਸ ਵਿਸ਼ੇ ਦੀਆਂ 51 ਪੁਸਤਕਾਂ ਦਾ ਪ੍ਰਕਾਸ਼ਨ ਕਰਵਾਇਆ ਹੈ। ਪਿਛਲੇ ਵਰ੍ਹੇ ਪ੍ਰੋ. ਤਾਰਾ ਸਿੰਘ ਜੀ ਦੀ ਰਚਨਾ ਵਾਦਨ ਕਲਾ ਦਾ ਮੁੜ-ਪ੍ਰਕਾਸ਼ਨ ਗੁਰਮਤਿ ਪਰਕਾਸਨ ਪਟਿਆਲਾ ਦੁਆਰਾ ਕੀਤਾ ਗਿਆ ਹੈ। ਵਰਤਮਾਨ ਸਮੇਂ ਸੰਗੀਤ ਖੇਤਰ ਨਾਲ ਸਬੰਧਿਤ ਹਰ ਵਿਸ਼ੇ ਉੱਪਰ ਵਿਦਵਾਨਾਂ ਦੀ ਕਲਾ, ਵਿਚਾਰ, ਸ਼ਾਸ਼ਤਰ ਨਾਲ ਸਬੰਧਿਤ ਜਾਣਕਾਰੀ ਪੁਸਤਕਾਂ ਦੇ ਰੂਪ ਵਿੱਚ ਵਿਦਮਾਨ ਹੈ।

ਸੰਗੀਤ ਪ੍ਰਕਾਸ਼ਨਾਵਾਂ ਦੇ ਵਿਕਾਸ ਵਿੱਚ ਜਿਥੇ ਵੱਖ-ਵੱਖ ਪ੍ਰਕਾਸ਼ਨ ਅਦਾਰਿਆਂ ਵਲੋਂ ਪੁਸਤਕਾਂ ਦੇ ਰੂਪ ਵਿੱਚ ਸੰਗੀਤ ਦੇ ਸ਼ਾਸਤਰ ਨੂੰ ਸੰਭਾਲਿਆ ਉੱਥੇ ਇਸ ਵਿਕਾਸ ਵਿੱਚ ਰਸਾਲਿਆਂ ਦਾ ਬਹੁਤ ਵੱਡਾ ਯੋਗਦਾਨ ਹੈ। ਸੰਗੀਤ ਕਲਾ ਨਾਲ ਸਬੰਧਿਤ ਪ੍ਰਮੁੱਖ ਰਸਾਲਿਆਂ ਵਿੱਚੋਂ  ਸੰਗੀਤ (ਸੰਗੀਤ ਕਾਰਲਯ, ਹਾਥਰਸ), ਸੰਗੀਤ ਕਲਾ ਵਿਹਾਰ (ਇਲਾਹਾਬਾਦ), Sangeet Natak (Delhi), Indian Musicology Journal (Mumbai), Indian Music Journal (Delhi), ਅੰਮ੍ਰਿਤ ਕੀਰਤਨ (ਚੰਡੀਗੜ੍ਹ), ਵਿਸਮਾਦ ਨਾਦ (ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ), ਸਮਾਜਿਕ ਵਿਗਿਆਨ ਪਤ੍ਰਿਕਾ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਗੁਰਮਤਿ ਸੰਗੀਤ ਕੀਰਤਨ ਅੰਕ (ਅੰਮ੍ਰਿਤਸਰ), ਗੁਰਮਤਿ ਪ੍ਰਕਾਸ਼ (ਅੰਮ੍ਰਿਤਸਰ), ਸਿੰਘ ਸਭਾ ਪਤ੍ਰਿਕਾ- ਕੀਰਤਨ ਅੰਕ (ਅੰਮ੍ਰਿਤਸਰ) ਆਦਿ ਦੇ ਨਾਮ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹਨ।

ਇਸ ਤੋਂ ਸਪਸ਼ਟ ਹੈ ਕਿ ਭਾਰਤੀ ਸੰਗੀਤ ਵਿੱਚ ਗ੍ਰੰਥ ਲੇਖਨ ਦੀ ਪਰੰਪਰਾ ਪ੍ਰਾਚੀਨ ਸਮੇਂ ਤੋਂ ਹੀ ਵੱਖ-ਵੱਖ ਭਾਸ਼ਾਵਾਂ ਵਿੱਚ ਨਿਰੰਤਰ ਪ੍ਰਵਾਹਿਤ ਹੁੰਦੀ ਆਈ ਹੈ। ਹੋਰ ਭਾਸ਼ਾਵਾਂ ਦੇ ਮੁਕਾਬਲੇ ਭਾਵੇਂ ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਦੀ ਅਰੰਭਤਾ ਕਾਫੀ ਦੇਰ ਨਾਲ ਹੋਈ  ਪਰੰਤੂ ਸਮੇਂ-ਸਮੇਂ ਸਿਰ ਸੰਗੀਤ ਵਿਦਵਾਨਾਂ, ਲੇਖਕਾਂ ਅਤੇ ਖੋਜਾਰਥੀਆਂ ਨੇ ਆਪਣੇ ਗਿਆਨ ਅਤੇ ਖੋਜ ਨੂੰ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਵਾਕੇ ਸੰਗੀਤ ਦੇ ਸਿਧਾਂਤਿਕ ਅਤੇ ਕਿਰਿਆਤਮਕ ਪੱਖ ਨੂੰ ਸਾਂਭਣ ਦਾ ਯਤਨ ਕੀਤਾ ਹੈ, ਜੋ ਨਿਰੰਤਰ ਕਾਰਜਸ਼ੀਲ ਹੈ। ਲੋੜ ਹੈ ਪੁਸਤਕਾਂ ਦੀ ਰਚਨਾ ਕਰਦੇ ਸਮੇਂ ਗਿਣਾਤਮਕਤਾ ਦੀ ਜਗ੍ਹਾ ਗੁਣਾਤਮਕਤਾ ਨੂੰ ਤਰਜੀਹ ਦੇਣ ਦੀ।

**ਅਸਿਸਟੈਂਟ ਪ੍ਰੋਫੈਸਰ, ਗੁਰੂ ਨਾਨਕ ਕਾਲਜ, ਬੁਢਲਾਡਾ, ਮੋ: 9915105008**

# ਆਦਿ ਕਥਨ - ਪ੍ਰੋ: ਤਾਰਾ ਸਿੰਘ

(ਗੁਰੂ ਅਮਰਦਾਸ ਰਾਗ ਰਤਨਾਕਾਰ ਪੁਸਤਕ ਦੀ ਭੂਮਿਕਾ

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆਂ ਸਿਰਿ ਬਾਣੀ॥

(ਰਾਮਕਲੀ ਮਹਲਾ ੩, ਅਨੰਦੁ)

ਸ੍ਰੀ ਗੁਰੂ ਅਮਰਦਸ ਜੀ ਜੀ ਅਮਰ ਬਾਣੀ ਅਨੰਦੁ ਸਾਹਿਬ ਦਾ ਉਪਰੋਕਤ ਹਵਾਲਾ ਇਸ ਤੱਥ ਦਾ ਸਪੱਸ਼ਟ ਪ੍ਰਮਾਣ ਹੈ ਕਿ ਸਿੱਖ ਜਗਤ ਦੇ ਗੁਰੂ ਘਰ ਵਿਚ ਸੰਗੀਤ ਅਤੇ ਕੀਰਤਨ ਦਾ ਕਿੰਨਾ ਉੱਚਾ ਸਥਾਨ ਹੈ ਅਤੇ ਇਹ ਕਿਵੇਂ ਗੁਰਬਾਣੀ ਦੀਆਂ ਸ਼ਬਦੀ ਧੁਨੀਆਂ ਨਾਲ ਨਾਦ ਤੇ ਲੈਅ ਦੇ ਰੂਪ 'ਚ ਓਤਪੋਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਅਕਾਲ ਪੁਰਖ ਦੀ ਦਰਗਾਹ ਨੂੰ ਸੋਦਰੀ ਸੰਗੀਤ ਦੇ ਰੂਪ ਵਿਚ ਹੀ ਚਿਤਰਿਆ ਤੇ ਵਰਣਨ ਕੀਤਾ ਹੈ। ਜਪੁਜੀ ਸਾਹਿਬ ਵਿਚ "ਗਾਵੀਐ ਸੁਣੀਐ ਮਨਿ ਰਖੀਐ ਭਾਉ" ਗਾਇਨ ਪਹਿਲੇ ਸਥਾਨ ਉੱਤੇ ਰੱਖਿਆ ਹੈ, ਜੋ ਹੁਕਮ ਦੀ ਵਿਆਖਿਆ ਤੋਂ ਪਿੱਛੋਂ ਗੁਰਮਤਿ ਦੇ ਰਹੱਸਵਾਦੀ ਮਾਰਗ ਵਿਚ ਗਾਵੈ ਜਾਂ ਗਾਇਨ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਸਾਰਾ ਜੀਵਨ ਹੀ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਉਹਨਾਂ ਨੂੰ ਸੰਗੀਤ ਤੇ ਕੀਰਤਨ ਨਾਲ ਕਿੰਨਾ ਪ੍ਰੇਮ ਸੀ। ਭਾਈ ਮਰਦਾਨਾ ਉਹਨਾਂ ਦਾ ਉਦਾਸੀਆਂ ਦੇ ਸਮੇਂ ਪੱਕਾ ਸਾਥੀ ਸੀ, ਜਿਸ ਦੇ ਰਬਾਬ ਦੀ ਮਧੁਰ ਝਨਕਾਰ ਗੁਰਬਾਣੀ ਦੇ ਅਵਤਰਣ ਸਮੇਂ ਸਦਾ ਸੰਗਤ ਕਰਦੀ ਸੀ। ਪ੍ਰੋ: ਪੂਰਨ ਸਿੰਘ ਨੇ ਗੁਰੂ ਨਾਨਕ ਦੇ ਆਗਮਨ ਨੂੰ ਆਕਾਸ਼ ਉੱਤੋਂ ਰੱਬੀ ਸੰਗੀਤ ਦੇ ਅਵਤਰਣ ਸਮਾਨ ਦੱਸਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਦੇ ਸਾਧਾਰਨ ਅਧਿਐਨ ਤੋਂ ਕੋਈ ਭੁਲੇਖਾ ਬਾਕੀ ਨਹੀਂ ਰਹਿ ਜਾਂਦਾ ਕਿ ਇਸ ਮਹਾਨ ਰੱਬੀ ਰਚਨਾ ਤੇ ਅਦੁੱਤੀ ਕਾਵਿ ਦਾ ਸੰਗੀਤ ਨਾਲ ਕਿੰਨਾ ਡੂੰਘਾ ਤੇ ਘਨੇਰਾ ਸੰਬੰਧ ਹੈ। ਦੋਵੇਂ ਇਕ ਦੂਜੇ ਵਿਚ ਇਸ ਤਰ੍ਹਾਂ ਇਕ ਸੁਰ ਹਨ ਕਿ ਇਹਨਾਂ ਨੂੰ ਇਕ ਦੂਜੇ ਤੋਂ ਨਿਖੇੜ ਸਕਣਾ ਸੰਭਵ ਹੀ ਨਹੀਂ। ਸੱਚ ਤਾਂ ਇਹ ਹੈ ਕਿ ਗੁਰਮਤਿ ਰਾਹੀਂ ਸੰਗੀਤ ਕਲਾ ਦਾ ਜੋ ਪ੍ਰਸਾਰ ਤੇ ਪ੍ਰਚਾਰ ਹੋਇਆ, ਉਹ ਆਪਣੇ ਆਪ ਵਿਚ ਇਕ ਵਿਸ਼ੇਸ਼ ਪਰੰਪਰਾ ਤੇ ਸੰਗੀਤ ਧਾਰਾ ਦੇ ਪਰਵਾਹ ਦਾ ਇਕ ਵੱਖਰਾ ਇਤਿਹਾਸ ਹੈ। ਜਿਸ ਦੀ ਗਾਇਨ ਸ਼ੈਲੀ, ਵਾਦਨ ਸਮੱਗਰੀ ਅਤੇ ਸਰੋਤਾ ਮੰਡਲ ਆਪਣੇ ਆਪ ਵਿਚ ਵਿਲੱਖਣ ਤੇ ਉਚੇਚੇ ਗੌਰਵ ਦੇ ਧਾਰਨੀ ਹਨ। ਸ਼ੋਕ ਦੀ ਗੱਲ ਹੈ ਕਿ ਨਾ ਬਾਹਰਲਿਆਂ ਸੰਗੀਤਚਾਰੀਆਂ ਅਤੇ ਨਾ ਹੀ ਗੁਰਮਤਿ ਸੰਗੀਤਾਚਾਰੀਆਂ ਜਾਂ ਕੀਰਤਨਕਾਰਾਂ, ਕਿਸੇ ਨੇ ਵੀ ਇਸ ਸਰਵੁੱਚ ਗੁਰਮਤਿ ਸੰਗੀਤ ਕਲਾ ਦਾ ਵਿਸ਼ੇਸ਼ ਬੋਧ ਪ੍ਰਾਪਤ ਕਰਨ ਦਾ ਉਪਰਾਲਾ ਨਹੀਂ ਕੀਤਾ। ਕੁਝ ਇਕ ਸ਼੍ਰੋਮਣੀ ਵਿਦਵਾਨਾਂ

ਡਾ. ਚਰਨ ਸਿੰਘ, ਭਾਈ ਵੀਰ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਆਦਿ ਨੇ ਇਸ ਉੱਚ ਪਰੰਪਰਾ ਵੱਲ ਸ਼ੰਕੇ ਤਾਂ ਜ਼ਰੂਰ ਕੀਤੇ ਹਨ ਪਰ ਸਾਡੇ ਵਰਤਮਾਨ ਕਾਲ ਦੇ ਬਹੁਤ ਘੱਟ ਸਿੱਖ ਗਾਇਕ ਤੇ ਕੀਰਤਨਕਾਰ ਇਸ ਸੰਗੀਤ ਪਰੰਪਰਾ ਜਾਂ ਗੁਰਮਤਿ ਗਾਇਨ ਰੀਤੀ ਦਾ ਗਿਆਨ ਰੱਖਦੇ ਹਨ। ਜੋ ਵਿਸ਼ੇਸ਼ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਹੋਰ ਸਿੱਖ ਅਦਾਰਿਆਂ ਵੱਲੋਂ ਕਾਇਮ ਕੀਤੀਆਂ ਗਈਆਂ ਉਹਨਾਂ ਨੇ ਇਸ ਬੰਨੇ ਨਾ ਤਾਂ ਪੂਰੀ ਖੋਜ ਕੀਤੀ ਹੈ ਅਤੇ ਨਾ ਹੀ ਇਕ ਕਲਾ-ਵਿਗਿਆਨ ਦੇ ਰੂਪ ਵਿਚ ਇਸ ਦੇ ਸਿਧਾਂਤ ਤੇ ਪ੍ਰਯੋਗਿਕ ਪ੍ਰਮਾਣ ਨਿਸ਼ਚਿਤ ਕੀਤੇ ਹਨ, ਜਿਸ ਕਾਰਨ ਗੁਰਮਤਿ ਸੰਗੀਤ ਪੱਧਰੀ ਆਪਣੀਆਂ ਮੌਲਿਕ ਵਿਸ਼ੇਸ਼ਤਾਵਾਂ, ਸ਼ਾਨਦਾਰ ਪਰੰਪਰਾ ਤੇ ਇਤਿਹਾਸ ਦੇ ਹੁੰਦਿਆਂ-ਸੁੰਦਿਆਂ ਵੀ ਆਪਣੀ ਸ਼ਾਨ ਤੇ ਮਰਿਯਾਦਾ ਨੂੰ ਹੁਣ ਤੱਕ ਵੀ ਪੱਕੇ ਪੈਰਾਂ 'ਤੇ ਸਥਾਪਤ ਨਹੀਂ ਕਰ ਸਕੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਮਹਾਨ ਸੰਗੀਤ ਪਰੰਪਰਾ ਦਾ ਅਨੁਸਰਣ ਕਰਦਿਆਂ ਹੋਇਆਂ ਬਾਕੀ ਗੁਰੂ ਸਾਹਿਬਾਨ ਨੇ ਵੀ ਇਸ ਗੁਰਮਤਿ ਸੰਗੀਤ ਪੱਧਤੀ ਅਤੇ ਇਸ ਦੀ ਗਾਇਨ-ਵਾਦਨ ਕਲਾ ਵਿਚ ਸਮੇਂ ਸਮੇਂ ਲੋੜੀਂਦੇ ਸੁਧਾਰ ਤੇ ਆਵਿਸ਼ਕਾਰ ਕੀਤੇ। "ਕਾਨੂੰਨੇ ਮੌਸੀਕੀ" ਪੁਸਤਕ ਦੇ ਕਰਤਾ ਨੇ, ਪੰਨਾ 306 ਉੱਤੇ ਇਸ ਗੱਲ ਦਾ ਉਲੇਖ ਕੀਤਾ ਹੈ ਕਿ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਨੇ "ਸਰੰਦਾ" ਇਜ਼ਾਦ ਕੀਤਾ। ਗੁਰੂ ਅਰਜਨ ਦੇਵ ਜੀ ਨੇ ਸਰੰਦੇ ਨੂੰ ਆਪਣੀ ਤਜਵੀਜ਼ ਨਾਲ ਬਣਵਾ ਕੇ ਸਿੱਖ ਰਾਗੀਆਂ ਨੂੰ ਬਖਸ਼ਿਆ ਅਤੇ ਵਜਾਉਣਾ ਸਿਖਾਇਆ। "ਪ੍ਰਾਚੀਨ ਸਿੱਖ ਸੰਗੀਤਕਾਰਾਂ ਅਤੇ ਰਬਾਬੀਆਂ ਵਿਚ ਰਬਾਬ ਤੋਂ ਛੁਟ ਸਰੰਦਾ ਵੀ ਲੋਕਪ੍ਰਿਅ ਸੀ।

ਮੈਂ ਆਪਣੇ 30 ਵਰ੍ਹਿਆਂ ਤੋਂ ਵਧੀਕ ਸੰਗੀਤ ਕਲਾ ਤੇ ਅਧਿਐਨ ਦੀ ਸੇਵਾ ਕਰਨ ਸਮੇਂ ਗੁਰਮਤਿ ਸੰਗੀਤ ਦੇ ਅਧਿਐਨ ਕਰਨ ਦਾ ਲਗਨ ਤੇ ਸ਼ਰਧਾ ਨਾਲ ਯਤਨ ਕਰਦਾ ਰਿਹਾ ਹਾਂ। ਕੁਝ ਪੁਸਤਕਾਂ ਵੀ ਲਿਖ ਕੇ ਸੰਗੀਤ ਜਗਤ ਦੀ ਭੇਟ ਕਰ ਚੁੱਕਾ ਹਾਂ। ਗੁਰੂ ਸ਼ਤਾਬਦੀਆਂ ਦੇ ਪਵਿੱਤਰ ਅਵਸਰ ਉੱਤੇ ਮੈਂ ਇਹੋ ਯੋਗ ਸਮਝਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਵਿੱਤਰ ਬਾਣੀ ਨੂੰ ਗੁਰਮਤਿ ਮਰਿਯਾਦਾ ਅਨੁਸਾਰ ਸੁਰਲਿਪੀਬੱਧ ਕਰ ਸਕਾਂ ਤਾਂ ਜੋ ਗੁਰੂ ਘਰ ਦੇ ਕੀਰਤਨੀਏ ਤੇ ਹੋਰ ਸੰਗੀਤਕਾਰ ਗੁਰਬਾਣੀ ਤੇ ਗੁਰਮਤਿ ਸੰਗੀਤ ਪੱਧਤੀ ਨੂੰ ਇਕ ਦੂਜੇ ਨਾਲ ਜੋੜ ਕੇ ਕੀਰਤਨ ਕਰਨ ਸਮੇਂ ਉਹ ਵਿਸਮਾਦੀ ਆਨੰਦ ਪ੍ਰਾਪਤ ਕਰ ਸਕਣ ਜਿਸ ਦਾ ਅਨੁਭਵ ਤੇ ਪ੍ਰਸਾਰ ਮਹਾਨ ਗੁਰੂਆਂ ਨੇ ਆਪਣੀ ਬਾਣੀ ਰਾਹੀਂ ਕਰਨ ਦਾ ਯਤਨ ਕੀਤਾ ਹੈ। ਸ਼ਬਦ ਤੇ ਧੁਨੀ ਦਾ ਸੰਜੋਗ ਸਤਿ ਤੇ ਸ਼ਿਵ ਦਾ ਸੁੰਦਰ ਸੁਮੇਲ ਜਾਂਦਾ ਹੈ। ਜਿਸ ਨਾਲ ਸ੍ਰੋਤੇ ਦੇ ਹਿਰਦੇ ਵਿਚ ਬਾਣੀ ਦਾ ਪ੍ਰਭਾਵ ਸਿੱਧਾ ਜਾਂ ਪ੍ਰਵੇਸ਼ ਕਰਦਾ ਹੈ ਅਤੇ "ਸੁਣਤੇ ਪੁਨੀਤ ਕਹਤੇ ਪਵਿਤੁ" ਵਾਲੀ ਦਸ਼ਾ ਤਾਰੀ ਹੋ ਜਾਂਦੀ ਹੈ।

ਇਸ ਰਚਨਾ ਗੁਰੂ ਅਮਰਦਾਸ ਰਾਗ ਰਤਨਾਵਲੀ ਵਿਚ ਮੈਂ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚੋਂ ਕੁਝ ਚੋਣਵੇਂ ਸ਼ਬਦ, ਸਲੋਕ, ਵਾਰ ਅਤੇ ਛੰਤ ਲੈ ਕੇ ਉਹਨਾਂ ਨੂੰ ਸੁਰਲਿਪੀ ਵਿਚ ਅੰਕਤ ਕਰਨ ਦਾ ਯਤਨ ਕੀਤਾ ਹੈ। ਗੁਰੂ ਅਮਰਦਾਸ ਜੀ ਵੱਲੋਂ ਦਿੱਤਾ ਗਿਆ ਬਾਣੀ ਦਾ ਖਜ਼ਾਨਾ ਬੜਾ ਵੱਡਾ ਤੇ ਵਿਸ਼ਾਲ ਹੈ ਜਿਸ ਦੇ ਸ਼ਬਦ ਸਲੋਕ ਅਤੇ ਵਿਸ਼ੇਸ਼ ਬਾਣੀਆਂ ਦੀ ਗਿਣਤੀ 873 ਹੈ। ਇਸ ਪੁਸਤਕ ਵਿਚ ਉਹਨਾਂ ਦੇ

ਚੋਣਵੇਂ 89 ਸ਼ਬਦਾਂ ਨੂੰ ਸੁਰਤਾਲਬੱਧ ਕੀਤਾ ਗਿਆ ਹੈ। ਵਿਸ਼ੇਸ਼ ਸ਼ਬਦ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਸੇ ਸ਼ਬਦ ਦੇ ਨਿਰਧਾਰਤ ਰਾਗ ਵਿਚ ਅੰਕਤ ਕੀਤਾ ਗਿਆ ਹੈ ਅਤੇ ਰਹਾਉ ਦੀ ਪੰਕਤੀ ਨੂੰ ਸਥਾਈ ਬਣਾਇਆ ਹੈ। ਪ੍ਰੋ: ਸਾਹਿਬ ਸਿੰਘ ਨੇ ਆਪਣੇ ਗੁਰਬਾਣੀ ਦੇ ਟੀਕੇ ਵਿਚ ਅਰਥਬੋਧ ਲਈ ਵੀ ਇਸੇ ਪਰੰਪਰਾ ਨੂੰ ਅਪਣਾਇਆ ਹੈ ਅਤੇ ਇਹ ਪਰਵਾਣਿਤ ਗੁਰਮਤਿ ਰੀਤੀ ਹੈ। ਇਹ ਮੇਰੀ ਪੱਕੀ ਧਾਰਨਾ ਹੈ ਕਿ ਜਦੋਂ ਤੱਕ ਗਾਇਕ ਤੇ ਰਾਗੀ ਇਸ ਪ੍ਰਥਾ ਨੂੰ ਨਹੀਂ ਅਪਣਾਉਂਦੇ ਤਦ ਤੱਕ ਉਸ ਸ਼ਬਦ ਦਾ ਮੁੱਖ ਆਸ਼ਾ ਸਪੱਸ਼ਟ ਰੂਪ ਵਿਚ ਉਜਾਗਰ ਨਹੀਂ ਕੀਤਾ ਜਾ ਸਕਦਾ।

ਸ੍ਰੀ ਗੁਰੂ ਅਮਰਦਾਸ ਜੀ ਗੁਰਬਾਣੀ ਦੇ ਹੀ ਮਹਾਨ ਰਚਨਾਕਾਰ ਨਹੀਂ ਸਗੋਂ ਉਹ ਗੁਰਮਤਿ ਸੰਗੀਤ ਦੇ ਵੀ ਰਚਨਹਾਰ ਹਨ। ਗੁਰੂ ਨਾਨਕ ਦੇਵ ਜੀ ਦੇ ਆਪਦੀ ਬਾਣੀ ਲਈ ਪ੍ਰਯੋਗ ਕੀਤੇ ਗਏ 25 ਰਾਗ ਅਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਲਈ ਵਰਤੇ ਗਏ 10 ਰਾਗਾਂ ਦੇ ਟਾਕਰੇ ਉੱਤੇ ਉਹਨਾਂ ਨੇ 23 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਇਥੇ ਇਹ ਦੱਸ ਦੇਣਾ ਵੀ ਉਚਿਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਲੇਖਾਂ ਵਿਚ ਆਏ ਮੁੱਖ ਰਾਗ ਜਿਹਨਾਂ ਦੀ ਗਿਣਤੀ 31 ਹੈ ਵਿਚ ਭਿੰਨ ਭਿੰਨ ਰਾਗਾਂ ਵਿਚ ਹੋਰ ਰਾਗਾਂ ਦੇ ਸੁਤੰਤਰ ਸਰੂਪਾਂ ਦਾ ਉਲੇਖ ਵੀ ਕੀਤਾ ਗਿਆ ਹੈ ਜੋ ਮਿਸ਼ਰਤ ਜਾਂ ਨਵੀਨ ਰਾਗਾਂ ਵਜੋਂ ਆਪਣਾ ਵੱਖਰਾ ਸੰਗੀਤਕ ਸਰੂਪ ਤੇ ਪ੍ਰਾਕਿਰਤੀ ਰੱਖਦੇ ਹਨ। ਉਸੇ ਵਿਧੀ ਨੂੰ ਆਧਾਰ ਮੰਨ ਕੇ ਮੈਂ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵਰਤੇ ਗਏ ਰਾਗਾਂ ਦੀ ਗਿਣਤੀ 23 ਨਿਸ਼ਚਿਤ ਕੀਤੀ ਹੈ, ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ: ਸਿਰੀ, ਮਾਝ, ਗਉੜੀ, ਗੁਆਰੇਰੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ, ਆਸਾ,ਗੁਜਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਉ, ਬਸੰਤ, ਬਸੰਤ ਹਿਡੋਲ, ਸਾਰੰਗ, ਮਲਾਰ, ਪ੍ਰਭਾਤੀ ਅਤੇ ਪ੍ਰਭਾਤੀ ਬਿਭਾਸ। ਕਿਉਂ ਜੋ ਕੁਝ ਰਾਗ ਵਰਤਮਾਨ ਸਮੇਂ ਪ੍ਰਚਲਿਤ ਨਹੀਂ ਰਹਿ ਸਕੇ ਅਤੇ ਨਵੀਨ ਭਾਰਤੀ ਸ਼ਾਸਤਰਕਾਰਾਂ ਨੇ ਗਾਇਨ ਵਿਧੀਆਂ ਅਤੇ ਰਾਗ ਰੂਪਾਂ ਵਿਚ ਕਾਫੀ ਪਰਿਵਰਤਨ ਲੈ ਆਂਦੇ ਹਨ ਇਸ ਲਈ ਇਹਨਾਂ ਵਿਚੋਂ ਕੁਝ ਰਾਗਾਂ ਦਾ ਨਾਦਾਤਮਿਕ ਸਰੂਪ, ਵਾਦੀ-ਸੰਵਾਦੀ, ਥਾਟ, ਜਾਤੀ, ਸਮਾਂ, ਚਲਨ ਅਤੇ ਆਰੋਹ-ਅਵਰੋਹ ਤੇ ਪ੍ਰਾਕਿਰਤੀ ਵਿਸ਼ੇਸ਼ ਘਰਾਣੇਦਾਰ ਗਾਇਕਾਂ ਕੋਲੋਂ ਵੀ ਪ੍ਰਾਪਤ ਕਰਕੇ ਨਿਸ਼ਚਤ ਕਰਨਾ ਜੇ ਅਸੰਭਵ ਨਹੀਂ ਤਾਂ ਅਤਿ ਕਠਿਨ ਜ਼ਰੂਰ ਹੈ। ਇਸੇ ਲਈ ਮੈਂ ਆਪਣੀ ਤੁੱਛ ਬੁੱਧੀ ਤੇ ਸੀਮਤ ਸਰਮੱਥਾ ਅਨੁਸਾਰ ਉਹਨਾਂ ਦੇ ਨਾਦਾਤਮਿਕ ਸਰੂਪਾਂ ਨੂੰ ਨਿਸ਼ਚਿਤ ਕਰਨ ਦਾ ਯਤਨ ਕੀਤਾ ਹੈ ਜਿਸ ਨਾਲ ਹੋ ਸਕਦਾ ਹੈ ਕਿ ਕੁਝ ਗਉੜੀ ਸੰਗੀਤਾਚਾਰੀਆਂ ਨੂੰ ਮੇਰੇ ਵਿਚਾਰਾਂ ਨਾਲ ਮਤਭੇਦ ਵੀ ਹੋਵੇ ਉਦਾਹਰਨ ਵਜੋਂ ਜਿਵੇਂ ਇਸ ਪੁਸਤਕ ਵਿਚ ਮਾਝ, ਗਉੜੀ, ਗੁਆਰੇਰੀ, ਗਉੜੀ, ਬੈਰਾਗਣਿ, ਵਡਹੰਸ, ਮਾਰੂ, ਬਸੰਤ-ਹਿੰਡੋਲ, ਪ੍ਰਭਾਤੀ ਬਿਭਾਸ ਆਦਿ ਰਾਗ।

ਗੁਰੂ ਅਮਰਦਾਸ ਸੰਗੀਤ ਦੇ ਪੂਰਨ ਗਿਆਤਾ ਹਨ। ਵਿਸ਼ੇਸ਼ ਰਾਗਾਂ ਦੀ ਪ੍ਰਾਕਿਰਤੀ ਅਤੇ ਰਸ ਅਨੁਸਾਰ ਹੀ ਉਹਨਾਂ ਨੇ ਸ਼ਬਦਾਵਲੀ ਤੇ ਵਾਤਾਵਰਣ ਉਲੀਕਣ ਦੀ ਅਦੁੱਤੀ ਕਲਾ-ਕੌਸ਼ਲਤਾ ਦਾ ਪਰਿਚਯ ਦਿੱਤਾ ਹੈ। ਉਦਾਹਰਣ ਵਜੋਂ ਜਿਵੇਂ ਭਾਰਤੀ ਸੰਗੀਤ ਵਿਚ ਸੂਹੀ ਸ਼ਿੰਗਾਰ ਰਸ ਪ੍ਰਧਾਨ ਰਾਗ ਹੈ। ਗੁਰੂ ਦੇਵ ਜੀ ਦੀ ਇਸ ਰਾਗ ਵਿਚ ਰਚਨਾ ਹੈ:

ਕਾਜਲ ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ ॥
ਸੇਜੈ ਕੰਤੁ ਆਇਓ ਏਵੈ ਭਇਆ ਵਿਕਾਰ ॥ (ਸੂਹੀ ਵਾਰ ਮਹਲਾ 3)

ਇਸੇ ਤਰ੍ਹਾਂ ਹੀ ਬਸੰਤ ਅਤੇ ਮਲਾਰ ਰਾਗਾਂ ਵਿਚ ਰਸ ਅਤੇ ਪ੍ਰਾਕਿਰਤੀ ਅਨੁਸਾਰ ਸ਼ਬਦ ਰਚਨਾਵਾਂ ਕੀਤੀਆਂ ਹਨ ਜਿਵੇਂ:

ਬਸੰਤ ਚੜ੍ਹਿਆ ਫੂਲੀ ਬਨਰਾਇ ॥ ਇਹ ਜੀਅ ਜੰਤੁ ਫੂਲਹਿ ਹਰਿ ਚਿਤੁ ਲਾਇ ॥ (ਬਸੰਤ ਮ: 3) ਜਾਂ
ਮਾਹੁ ਰੁਤੀ ਮਹਿ ਸਦ ਬਸੰਤ ॥ ਜਿਤ ਹਰਿਆ ਸਭ ਜੀਅ ਜੰਤੁ ॥ (ਬਸੰਤ ਮ:3)

ਅਤੇ ਮਲਾਰ ਰਾਗ ਵਿਚ :

ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ (ਵਾਰ ਮਲਾਰ ਮ: 3) ਜਾਂ
ਮਲਾਰ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥ (ਵਾਰ ਮਲਾਰ ਮ: 3) ਜਾਂ
ਭਿੰਨੀ ਰੈਣਿ ਚਮਕਿਆ ਵੁਠਾ ਛਹਬਰ ਲਾਇ ॥ (ਵਾਰ ਮਲਾਰ ਮ: 3)

ਇਸੇ ਮਲਾਰ ਰਾਗ ਵਿਚ 'ਰੈਣਿ' ਸ਼ਬਦ ਸੰਗੀਤਕ ਪੱਖ ਤੋਂ ਬਹੁਤ ਮਹੱਤਵਪੂਰਨ ਹੈ ਜੋ ਕਿ ਭਾਰਤੀ ਸੰਗੀਤ ਦੇ ਸਮੇਂ ਸਿਧਾਂਤ ਨਾਲ ਸੰਬੰਧ ਰੱਖਦਾ ਹੈ। ਮਲਾਰ ਰਾਗ ਦੇ ਗਾਉਣ ਦਾ ਸਮਾਂ ਸੰਗੀਤ ਵਿਦਵਾਨਾਂ ਨੇ ਮੱਧ ਰਾਤ ਮੰਨਿਆ ਹੈ। ਇਸੇ ਸਿਧਾਂਤ ਨੂੰ ਪੂਰਨ ਤੌਰ 'ਤੇ ਸਮਝ ਕੇ ਸੁਭਾਵਿਕ ਹੀ 'ਭਿੰਨੀ ਰੈਣ' ਸ਼ਬਦ ਵਰਤਿਆ ਹੈ ਜੋ ਕਿ ਗੁਰੂ ਅਮਰਦਾਸ ਜੀ ਦੇ ਇਕ ਮਹਾਨ ਸੰਗੀਤਕਾਰ ਹੋਣ ਦਾ ਸਪੱਸ਼ਟ ਪ੍ਰਮਾਣ ਹੈ।

ਮੈਨੂੰ ਪੂਰਣ ਆਸ ਹੈ ਕਿ ਮੇਰੇ ਇਸ ਵਿਸ਼ੇਸ਼, ਪ੍ਰੀਸ਼ਰਮ ਦਾ ਗੁਰੂ ਘਰ ਦੇ ਕੀਰਤਨੀਏ, ਸਿੱਖ ਸੰਗੀਤਕਾਰ ਵਿਸ਼ੇਸ਼ ਤੌਰ 'ਤੇ ਲਾਭ ਉਠਾਉਣਗੇ ਅਤੇ ਭਾਰਤੀ ਸੰਗੀਤ ਕਲਾ ਕਰ ਸਕਣਗੇ ਕਿਉਂ ਜੋ ਮੇਰੇ ਉਦੇਸ਼ ਭਾਰਤੀ ਸੰਗੀਤਕਾਰਾਂ ਤੇ ਵਿਦੇਸ਼ੀ ਸੰਗੀਤਾਚਾਰੀਆਂ ਨੂੰ ਇਹ ਸਿੱਧ ਕਰਨਾ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਭਾਰਤੀ ਸੰਗੀਤ ਕਲਾ ਦੇ ਸੰਦਰਭ ਵਿਚ ਜਿਹੜੀ ਪੱਧਤੀ ਸਥਾਪਿਤ ਕੀਤੀ ਉਸ ਦੀ ਮਹਿਮਾ ਜੁਗੋ ਜੁਗ ਅਟੱਲ ਤੇ ਸਦਾ ਸਥਿਰ ਰਹਿਣ ਵਾਲੀ ਹੈ। ਇਹ ਪੂਰਣ ਰੂਪ ਵਿਚ ਅਧਿਆਤਮਿਕ ਸੰਗੀਤ ਪੱਧਤੀ ਹੈ ਜਿਸ ਤੋਂ ਗਾਇਕ ਤੇ ਸਰੋਤੇ ਦੋਵੇਂ ਹੀ "ਸੁਣਤੇ ਪੁਨੀਤ ਕਹਤੇ ਪਵਿਤੁ" ਹੁੰਦੇ ਹਨ ਅਤੇ ਆਪਣਾ ਜਨਮ ਸਫਲ ਕਰਦੇ ਹਨ। ਇਸ ਕਲਜੁਗੀ ਅੰਧਕਾਰ ਤੇ ਜੰਗਾਂ ਯੁੱਧਾਂ ਦੇ ਤੱਤੇ ਮਾਹੌਲ ਵਿਚ ਜਿਸ ਵਿਚ ਮਨੁੱਖਤਾ ਦੀ ਆਤਮਾ ਲੂਸੀ ਜਾ ਰਹੀ ਹੈ ਅਜਿਹਾ ਰੱਬੀ ਸੰਗੀਤ ਹੀ ਠੰਢ ਵਰਤਾ ਸਕਦਾ ਹੈ।

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤ ਦੁਆਰੈ ਉਬਰੈ ਤਿਤੈ ਲੇਹੁ ਉਭਾਰਿ ॥ (ਵਾਰ ਬਿਲਾਵਲੁ ਮ: 3)

ਜੇ ਇਸ ਪੁਸਤਕ ਦੀਆਂ ਰਾਗ-ਮਾਲ ਬੱਧ ਸ਼ਬਦ ਰਚਨਾਵਾਂ ਕਿਸੇ ਗਾਇਕ ਲਈ ਮਾਰਗ ਦਰਸ਼ਕ ਹੋ ਸਕਣ ਤਾਂ ਮੈਂ ਆਪਣੇ ਘਾਲ ਸਫਲੀ ਸਮਝਾਂਗਾ ਅਤੇ ਇਸ ਪੁਸਤਕ ਦੇ ਸੰਬੰਧ ਵਿਚ ਦਿੱਤੇ ਗਏ ਹੋਰ ਨਿੱਗਰ ਸੁਝਾਵਾਂ ਦਾ ਵੀ ਸੁਆਗਤ ਕਰਾਂਗਾ।

34, ਖਾਲਸਾ, ਕਾਲਿਜ ਕਾਲੋਨੀ, ਪਟਿਆਲਾ

# ਗੌਂਡ ਮਹਲਾ ੪

ਹਰਿਭਜਨ ਸਿੰਘ

ਥਾਟ : ਬਿਲਾਵਲ ॥ ਜਾਤੀ : ਸੰਪੂਰਵ॥
ਸਮਾਂ : ਦਿਨ ਦਾ ਦੂਸਰਾ ਪਹਿਰ॥ ਵਾਦੀ: ਸ, ਸੰਵਾਦੀ : ਮ॥
ਆਰੋਹ : ਸਰਗਮ, ਪਧ, ਨਧ, ਨਸਂ॥ ਅਵਰੋਹ : ਸਂ ਨ ਧ ਨ ਪ, ਮ ਗ, ਰ ਸ ॥
ਮੁੱਖ ਅੰਗ : ਰ ਗ ਮ, ਪ ਮ, ਮ ਪ ਨ ਧ, ਨ ਸਂ, ਨ ਧ ਨ ਪ, ਧ ਮ ॥

| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|---|---|---|---|---|---|---|---|---|
| ਨ | ਨ | ਧ | - | ਧ | ਨ | ਨ | ਪ | - | ਪ | ਧਨ | ਧ | ਨ | - | ਨ | ਸਂ | - | - | - | ਸ |
| ਮੇ | ਰੈ | ਮ | s | ਨਿ | ਪ੍ਰੇ | s | ਮ | s | ਲ | ਗੋ | s | ਹ | s | ਰਿ | ਤੀ | s | s | s | ਰ |
| ਨ | ਨ | ਪ | - | - | ਧ | - | $^{ਪ}$ਮ | - | ਮ | ਪ | ਪ | ਮਗ | ਰ | ਰ | ਗ | - | ਗ | - | - |
| ਹ | ਮ | ਰੀ | s | s | ਬੇ | s | ਦ | s | ਨ | ਹ | ਰਿ | ਪ੍ਰ | s | ਭੁ | ਜਾ | s | ਨੈ | s | s |
| ਗ | ਗ | ਮ | - | ਮ | ਗ | - | ਰ | ਸ | ਸ | ਗ | ਪ | ਨ | - | - | ਸਂ | - | - | - | ਸਂ |
| ਮੇ | ਰੇ | ਮ | s | ਨ | ਅੰ | s | ਤ | s | ਰ | ਕੀ | s | s | s | s | ਪੀ | s | s | s | ਰ |
| ਪ | ਪ | ਨ | ਨ | ਨਨ | ਸਂ- | - | ਸਂ | - | ਸਂ | ਧ | ਰਂ | ਰਂ | - | ਰਂ | ਸਂ | ਨ | ਸ | - | - |
| ਹ | ਰਿ | ਦ | ਰ | ਸ਼ਨ | ਕਉ | s | ਮੇ | s | ਰਾ | ਮ | ਨੁ | ਬ | s | ਹੁ | ਤ | ਪ | ਤੈ | s | s |
| ਨ | - | ਰਂ | ਰਂ | - | ਗਂ | - | ਮਂ | - | - | ਗਂ | - | ਰਂ | - | ਸਂਨ | ਸਂ | - | - | - | ਸਂ |
| ਜਿਉ | s | ੜ੍ਹਿ | ਖਾ | s | ਵੰ | s | ਤ | s | s | ਬਿ | s | ਨੁ | s | s | ਨੀ | s | s | s | ਰ |
| ਨ | - | ਨ | ਨ | ਸਂ | ਧ | ਨ | ਪ | - | - | ਗ | ਪ | ਨ | - | - | ਸਂ | - | - | - | ਸਂ |
| ਜਿਉ | s | ਤਿ | ਖਾ | s | ਵੰ | s | ਤ | s | s | ਬਿ | s | ਨੁ | s | s | ਨੀ | s | s | s | ਰ |

ਮੋਬਾਇਲ : 9316136268

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਅੰਗ ੮੬੧

### ਗੋਂਡ ਮਹਲਾ ੪ ॥

Gond, Fourth Mehl:

**ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥**

My mind yearns so deeply for the Blessed Vision of the Lord's Darshan, like the thirsty man without water. ||1||

**ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥**

My mind is pierced through by the arrow of the Lord's Love.

**ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ ॥੧॥ ਰਹਾਉ ॥**

The Lord God knows my anguish, and the pain deep within my mind. ||1||Pause||

**ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ ॥੨॥**

Whoever tells me the Stories of my Beloved Lord is my Sibling of Destiny, and my friend. ||2||

**ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ ॥੩॥**

Come, and join together, O my companions; let's sing the Glorious Praises of my God, and follow the comforting advice of the True Guru.. ||3||

**ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ ॥੪॥੬॥**

Please fulfill the hopes of servant Nanak, O Lord; his body finds peace and tranquility in the Blessed Vision of the Lord's Darshan. ||4||6||


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

## ਪ੍ਰਾਣੀ ਏਕੋ ਨਾਮੁ ਧਿਆਵਹੁ

ੴ

# ਪ੍ਰਾਣੀ ਏਕੋ ਨਾਮੁ ਧਿਆਵਹੁ

**Praanee Eaeko Naam Dhiaavuhu**

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ

Praanee Eaeko Naam Dhiaavuhu

Sathigur Aaeiou Suran Thuhaaree

Maadho Har Har Har Mukh Keheeai

Huno Balihaarai Jaao Saachae Thaerae Naam Vittuhu

Maerae Har Jeeo Subh Ko Thaerai Vas

- ਪ੍ਰਾਣੀ ਏਕੋ ਨਾਮੁ ਧਿਆਵਹੁ - ਸਤਿਗੁਰ ਆਇਓ ਸਰਣਿ ਤੁਹਾਰੀ
ਮਾਧਉ ਹਰਿ ਹਰਿ ਹਰਿ ਮੁਖਿ ਕਹੀਐ - ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ


**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com


ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐਡਰੈਸ
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

# ਅੰਮ੍ਰਿਤ ਕੀਰਤਨ


# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
**E-mail : drjagirsingh@gmail.com    Website : www.amritkirtan.com**

Postal Regd. No. G/CHD /0045/2012-14 RNI Regd. No. 46788/89 ISSN 0972-2335

